ੴ

ਵਾਹਿਗੁਰੂ ਜੀ ਕੀ ਫ਼ਤਹਿ॥

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਜਨਵਰੀ, ੧੯੯੬ MONTHLY **SURA** LUDHIANA **JAN. 1996**



ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ।
ਸ੍ਰੀ ਅੰਮ੍ਰਿਤਸਰ

www.AKJ.Org

3 ਰੁਪਏ

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | |
|---|---|---|
| ੧. | ਨਦਰਿ ਕਰੇ ਤਾ ਸਿਮਰਿਆ ਜਾਇ | ੧ |
| ੨. | ਅਰਥ ਵਿਆਖਿਆ | ੨ |
| ੩. | ਗੁਰੂ ਦਸਮੇਸ਼ ਪਾਤਸ਼ਾਹ ਦਾ ਆਦਰਸ਼ | ੪ |
| ੪. | ਗੁਰੂ ਜੀ ਦਾ ਅਨੰਦਪੁਰ ਛੱਡਣਾ ਤੇ ਚਮਕੌਰ ਦੀ ਜੰਗ | ੬ |
| ੫. | ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ | ੧੦ |
| ੬. | ਧੰਨ ਗੁਰੂ ਗੋਬਿੰਦ ਸਿੰਘ ਜੀ (ਕਵਿਤਾ) | ੧੧ |
| ੭. | ਵਾਰ ਮਾਰੂ ਡਖਣੇ (੭) | ੧੨ |
| ੮. | ਨਾਮ ਬਾਣੀ ਦੇ ਅਭਿਆਸੀਆ ਦਾ ਬਣਾਇਆ ਤੇ ਵਰਤਾਇਆ ਲੰਗਰ | ੧੫ |
| ੯. | ਸਿੱਖੀ ਵਿਚ ਕਰਮ ਅਤੇ ਧਰਮ | ੧੬ |
| ੧੦ | ਬਿਬੇਕੀ ਸਿੰਘ ਸਿੰਘਣੀ ਦੇ ਗੁਣ | ੧੭ |
| ੧੧. | ਖੁੱਲ੍ਹੀ ਚਿੱਠੀ ਬਾਬੇ ਨਾਨਕ ਦੇ ਨਾਂ | ੧੮ |
| ੧੨. | ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ | ੨੧ |
| ੧੩. | ਸਿਰੁ ਧਰਿ ਤਲੀ ਗਲੀ ਮੇਰੀ ਆਉ | ੨੫ |
| ੧੪. | What the Modern Western Writers think about Sikhism & Gurbani | ੨੭ |
| ੧੫. | ਨਵੰਬਰ ੯੫ ਦੇ ਸਵਾਲਾਂ ਦੇ ਜਵਾਬ | ੨੮ |
| ੧੬ | ਸ਼ਹੀਦ ਬਾਬਾ ਦੀਪ ਸਿੰਘ ਜੀ | ੨੯ |
| ੧੭. | ਸਵਰਗ ਵਾਸੀ ਨਹੀ ਪਰਲੋਕਵਾਸੀ | ੩੧ |
| ੧੮. | ਬਾਪੂ ਜੀ ਤੇ ਬੱਚੇ (੧੭) | ੩੩ |
| ੧੯. | ੧੯੯੬ ਦਾ ਕੈਲੰਡਰ | ੩੭ |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | |
|---|---|
| ਸ਼ਹੀਦੀ ਜੋੜ ਮੇਲਾ ਸ੍ਰੀ ਮੁਕਤਸਰ | ੧੪ ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | ੨੭ ਜਨਵਰੀ |
| ਜੋਤੀ ਜੋਤ ਭਗਤ ਨਾਮਦੇਵ ਜੀ | ੧੫ ਜਨਵਰੀ |

"ਸੂਰਾ" ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ ਜੀ।

## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ, ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ–

ਭਾਈ ਬਲਵੰਤ ਸਿੰਘ, ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਫੋਨ: 01675–87839, 0161–455539 ਜਾਂ 458006

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ– ੧.ਮੁੱਖ ਦਫਤਰ "ਸੂਰਾ"–ਕੋਠੀ ਨੰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨ ਜਲੰਧਰ– ਭਾਈ ਤ੍ਰਿਲੋਕ ਸਿੰਘ ਜੀ, ਮੈ ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩ ਹੁਸ਼ਿਆਰਪੁਰ– ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ– ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ ਦੂਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ–ਭਾਈ ਵੰਜਿੰਦਰ ਸਿੰਘ ਜੀ ੫੩੩ ੩–ਏ ਫੇਜ਼, ਐਸ ਏ ਐਸ ਨਗਰ, ਮੋਹਾਲੀ।
੬ ਕਪੂਰਥਲਾ – ਭਾਈ ਚਰਨਪਾਲ ਸਿੰਘ।
੭ ਸਾਰੇ ਸਮਾਗਮਾ ਸਮੇ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ ੨, ਕਾਂਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ–ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ– ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ ੨੪੩੪੮, ੨੧੬੮੧
੧੦ ਅੰਮ੍ਰਿਤਸਰ– ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ:੪੫੭੮੭, ਘਰ:੨੩੧੫੨੦
੧੧ ਜਮਨਾਨਗਰ–ਸ੍ਰ ਪ੍ਰਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿਨ ਕੋਡ–੧੩੫੦੦੧,ਫੋਨ ੨੬੨੧੭
੧੨ ਸੰਗਰੂਰ–੧ ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ– ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਧਿਆਂ, ਚੌੜਾ ਖੂਹ, ਨੇੜੇ ਗੁ ਪਾ ੬
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

ਵਿਦੇਸ਼ਾ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ ੧੦–Ambourne Gardens, Early Reading, Berks U.K Tel. 0734-616902.
੨ ਅਮਰੀਕਾ–ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ ੧੮੦੦੭੨੨੬੨੧੨
੩ ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ ੧੭੦੦੬੬੩੦੨੨੪
੪ ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫੋਨ ੦੬੧੮੬੩੪੮੪੧
੫ ਨੀਊਜ਼ੀਲੈਂਡ – ਭਾਈ ਪਿਆਰਾ ਸਿੰਘ ਜੀ ਫੋਨ ੦੬੯੨੭੬੪੩੨੨

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾ ਦੇ ੫੦/-, ੧੦੦/-, ੧੫੦/- ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ। ਸੰਪਾਦਕ

ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।

### ਮੇਖ ਰਹਿਤ ਸੂਰਾ

ਵਿਦੇਸ਼ਾ ਵਿਚ ਰਹਿੰਦੇ ਵੀਰ, ਭੈਣਾ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ, ਉਹਨਾ ਨੂੰ "ਸੂਰਾ" ਹਰ ਮਹੀਨੇ ਮੇਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ, ਵੈਨਕੂਵਰ (ਕਨੇਡਾ)
Canada (B.C.) V6B-2R9 Tel.: 18006 30224


ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨–ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਜਨਵਰੀ–੧੯੯੬ ਅੰਕ ੧

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |
| Foreign Subscription | | | |
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


## *ਕਿਉ ਸਿਮਰੀ ? ਸਿਵਰਿਆ ਨਹੀਂ ਜਾਇ !*

*ਕਿਉ ਸਿਮਰੀ ਸਿਵਰਿਆ ਨਹੀਂ ਜਾਇ।। ਤਪੈ ਹਿਆਉ ਜੀਅੜਾ ਬਿਲਲਾਇ।।*
*ਸਿਰਜਿ ਸਵਾਰੇ ਸਾਚਾ ਸੋਇ।। ਤਿਸੁ ਵਿਸਰਿਆ ਚੰਗਾ ਕਿਉ ਹੋਇ।।੧।।*
*ਹਿਕਮਤਿ ਹੁਕਮਿ ਨ ਪਾਇਆ ਜਾਇ।। ਕਿਉ ਕਰਿ ਸਾਚਿ ਮਿਲਉ ਮੇਰੀ ਮਾਇ।।੧।। ਰਹਾਉ।।*

(ਧਨਾਸਰੀ ਮ: ੧, ਪੰਨਾ ੬੬੧)

## ਨਦਰਿ ਕਰੇ ਤਾ ਸਿਮਰਿਆ ਜਾਇ

**ਨਦਰਿ ਕਰੇ ਤਾ ਸਿਮਰਿਆ ਜਾਇ।। ਆਤਮਾ ਦ੍ਰਵੈ ਰਹੈ ਲਿਵ ਲਾਇ।।**
**ਆਤਮਾ ਪਰਾਤਮਾ ਏਕੋ ਕਰੈ।। ਅੰਤਰ ਕੀ ਦੁਬਿਧਾ ਅੰਤਰਿ ਮਰੈ।।੧।।**
**ਗੁਰਪਰਸਾਦੀ ਪਾਇਆ ਜਾਏ।।। ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ।।੧।। ਰਹਾਉ।।**
**ਸਚਿ ਸਿਮਰਿਐ ਹੋਵੈ ਪਰਗਾਸੁ।। ਤਾ ਤੇ ਬਿਖਿਆ ਮਹਿ ਰਹੈ ਉਦਾਸੁ।।**
**ਸਤਿਗੁਰ ਕੀ ਐਸੀ ਵਡਿਆਈ।। ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।।੨।।**
**ਐਸੀ ਸੇਵਕੁ ਸੇਵਾ ਕਰੈ।। ਜਿਸਕਾ ਜੀਉ ਤਿਸੁ ਆਗੈ ਧਰੈ।।**
**ਸਾਹਿਬ ਭਾਵੈ ਸੋ ਪਰਵਾਣੁ।। ਸੋ ਸੇਵਕੁ ਦਰਗਹ ਪਾਵੈ ਮਾਣੁ।।੩।।**
**ਸਤਿਗੁਰ ਕੀ ਮੂਰਤਿ ਹਿਰਦੈ ਵਸਾਏ।। ਜੋ ਇਛੈ ਸੋਈ ਫਲੁ ਪਾਏ।।**
**ਸਾਚਾ ਸਾਹਿਬੁ ਕਿਰਪਾ ਕਰੈ।। ਸੋ ਸੇਵਕੁ ਜਮ ਤੇ ਕੈਸਾ ਡਰੈ।।੪।।**
**ਭਨਤਿ ਨਾਨਕੁ ਕਰੇ ਵੀਚਾਰੁ।। ਸਾਚੀ ਬਾਣੀ ਸਿਉ ਧਰੇ ਪਿਆਰੁ।।**
**ਤਾ ਕੋ ਪਾਵੈ ਮੋਖ ਦੁਆਰੁ।। ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ।।੫।।੨।।੪।।**

(ਧਨਾਸਰੀ ਮ: ੧, ਪੰਨਾ ੬੬੧)

**ਪਦ ਅਰਥ** :– ਨਦਰਿ – ਕ੍ਰਿਪਾ ਦ੍ਰਿਸ਼ਟੀ, ਮੇਹਰ ਦੀ ਨਜ਼ਰ। ਦ੍ਰਵੈ – ਪਿਘਲਦਾ ਹੈ, ਨਰਮ ਹੋ ਜਾਂਦਾ ਹੈ। ਪਰਾਤਮਾ – ਪਰਮ ਆਤਮਾ, (ਪ੍ਰਮਾਤਮਾ)। ਅੰਤਰ ਕੀ – ਅੰਦਰਲੇ ਦੀ। ਦੁਬਿਧਾ – ਮੇਰ ਤੇਰ। ਅੰਤਰਿ – ਅੰਦਰ ਹੀ।੧।

ਗੁਰਪਰਸਾਦੀ – ਗੁਰੂ ਦੀ ਕ੍ਰਿਪਾ ਨਾਲ। ਕਾਲੁ – ਮੌਤ।੧। ਰਹਾਉ। ਸਚਿ – ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਪਰਗਾਸੁ – ਪ੍ਰਕਾਸ਼, ਚਾਨਣ। ਬਿਖਿਆ – ਮਾਇਆ। ਉਦਾਸ – ਨਿਰਲੇਪ। ਕਲਤ੍ਰ – ਇਸਤਰੀ। ਗਤਿ – ਮੁਕਤੀ, ਉਚੀ ਆਤਮਕ ਅਵਸਥਾ।੨।

ਜੀਉ – ਜਿੰਦ। ਸਤਿਗੁਰ ਕੀ ਮੂਰਤਿ – ਗੁਰੂ ਦਾ ਆਤਮਕ ਸਰੂਪ (ਸ਼ਬਦ)। ਭਨਤਿ – ਆਖਦਾ ਹੈ। ਮੋਖ – ਮੋਹ ਤੋਂ ਮੁਕਤੀ (ਖਲਾਸੀ)। ੩ ਤੋਂ ੫।



www.AKJ.Org

# ਅਰਥ ਵਿਆਖਿਆ

**ਅਰਥ** :- ਪ੍ਰਭੂ ਆਪ ਹੀ ਮੇਹਰ ਦੀ ਨਜ਼ਰ ਕਰੇ ਤਾਂ ਗੁਰੂ ਦੇ ਰਾਹੀਂ ਉਸ ਦਾ ਸਿਮਰਨ ਕੀਤਾ ਜਾ ਸਕਦਾ ਹੈ। ਸਿਮਰਨ ਕਰਨ ਵਾਲੇ ਮਨੁੱਖ ਦੀ ਆਤਮਾ ਦੂਜਿਆਂ ਦੇ ਦੁੱਖ ਦੇਖ ਕੇ ਪਿਘਲ ਜਾਂਦੀ ਹੈ। ਉਹ ਪ੍ਰਭੂ ਵਿੱਚ ਸੁਰਤ ਜੋੜੀ ਰੱਖਦਾ ਹੈ। ਜਿਸ ਸਦਕਾ ਉਸ ਦੀ ਆਤਮਾ ਪਰਮ ਆਤਮਾ (ਪਰਮਾਤਮਾ) ਨਾਲ ਮਿਲ ਕੇ ਇਕ ਰੂਪ ਹੋ ਜਾਂਦੀ ਹੈ ਅਤੇ ਉਸ ਦੇ ਅੰਦਰ ਦੀ ਮੇਰ ਤੇਰ ਅੰਦਰ ਹੀ ਮਰ ਜਾਂਦੀ ਹੈ।੧।

ਗੁਰੂ ਦੀ ਕਿਰਪਾ ਨਾਲ ਪ੍ਰਭੂ ਦੇ ਸਿਮਰਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਦਾ ਚਿੱਤ ਪ੍ਰਭੂ ਨਾਲ ਪਰਚ ਜਾਂਦਾ ਹੈ, ਉਸ ਤੇ ਮੁੜ ਮੌਤ ਦੇ ਡਰ ਦਾ ਅਸਰ ਨਹੀਂ ਪੈਂਦਾ।੧। ਰਹਾਉ।

ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਸਿਰਮਨ ਨਾਲ ਪ੍ਰਕਾਸ਼ ਹੋ ਜਾਂਦਾ ਹੈ ਅਰਥਾਤ ਜੋਤ ਪ੍ਰਗਟ ਹੋ ਜਾਂਦੀ ਹੈ ਜਿਸ ਸਦਕਾ ਮਨੁੱਖ ਮਾਇਆ ਵਿੱਚ ਵਰਤਦਾ ਹੋਇਆ ਭੀ ਨਿਰਲੇਪ ਰਹਿੰਦਾ ਹੈ। ਸਤਿਗੁਰੂ ਦੀ ਸ਼ਰਨ ਪੈਣ ਵਿੱਚ ਐਸੀ ਖੂਬੀ ਹੈ ਕਿ ਪੁਤ੍ਰ ਇਸਤ੍ਰੀ ਆਦਿਕ ਪ੍ਰਵਾਰ ਵਿੱਚ ਹੀ ਰਹਿੰਦਿਆਂ ਉਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ।੨।

ਸੇਵਕ, ਮਾਲਕ ਦੀ ਐਸੀ ਸੇਵਾ ਕਰੇ ਕਿ ਜਿਸ ਮਾਲਕ ਦੀ ਦਿੱਤੀ ਹੋਈ ਇਹ ਜਿੰਦ ਹੈ, ਉਸੇ ਦੇ ਅੱਗੇ ਉਸ ਨੂੰ ਰੱਖ ਦੇਵੇ। ਐਸਾ ਸੇਵਕ ਮਾਲਕ ਨੂੰ ਪਸੰਦ ਆ ਜਾਂਦਾ ਹੈ, ਉਸ ਦੇ ਦਰ ਕਬੂਲ ਹੋ ਜਾਂਦਾ ਹੈ, ਉਸ ਦੀ ਦਰਗਾਹ ਵਿੱਚ ਮਾਣ ਵਡਿਆਈ ਪਾਉਂਦਾ ਹੈ।੩।

ਜਿਹੜਾ ਸੇਵਕ ਆਪਣੇ ਸਤਿਗੁਰੂ ਦੇ ਆਤਮਕ ਸਰੂਪ (ਸ਼ਬਦ) ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ ਉਹ ਗੁਰੂ ਦੁਆਰਿਓਂ ਮਨ ਇੱਛੇ ਫਲ ਪ੍ਰਾਪਤ ਕਰਦਾ ਹੈ। ਸੱਚਾ ਮਾਲਕ-ਪ੍ਰਭੂ ਉਸ ਤੇ ਏਨੀ ਕਿਰਪਾ ਕਰਦਾ ਹੈ ਕਿ ਉਸ ਨੂੰ ਜਮ (ਮੌਤ) ਦਾ ਵੀ ਡਰ ਨਹੀਂ ਰਹਿੰਦਾ।੪।

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਦੋਂ ਮਨੁੱਖ ਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਸਾਚੀ ਬਾਣੀ (ਗੁਰਬਾਣੀ) ਨਾਲ ਪਿਆਰ ਪਾਉਂਦਾ ਹੈ ਤਾਂ ਉਹ ਮਾਇਆ ਦੇ ਮੋਹ ਤੋਂ ਛੁਟਕਾਰੇ ਦਾ ਦਰਵਾਜ਼ਾ ਲੱਭ ਲੈਂਦਾ ਹੈ। ਗੁਰੂ ਦਾ ਸ਼ਬਦ ਹੀ ਅਸਲ ਜਪ ਹੈ, ਅਸਲ ਤਪ ਹੈ।੫।

**ਵਿਆਖਿਆ** :- ਸਿਮਰਨ ਕਰਨ ਦੀਆਂ ਬਹੁਤ ਜੁਗਤੀਆਂ ਦੱਸੀਆਂ ਜਾਂਦੀਆਂ ਹਨ ਪਰ ਪ੍ਰਭੂ ਦੀ ਮੇਹਰ ਤੋਂ ਬਿਨਾ ਸਿਮਰਨ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ - "**ਨਦਰਿ ਕਰੇ ਤਾ ਸਿਮਰਿਆ ਜਾਏ।**" ਪ੍ਰਭੂ ਦੀ ਨਦਰਿ ਕੀ ਹੈ ? ਇਹ ਹੈ ਉਸ ਦੀ ਮੇਹਰ ਭਰੀ ਨਜ਼ਰ। ਜਿਸ ਮਨੁੱਖ ਤੇ ਪ੍ਰਭੂ ਦੀ ਨਦਰਿ ਹੁੰਦੀ ਹੈ, ਸੱਚੇ ਗੁਰੂ (ਸਤਿਗੁਰੂ) ਨਾਲ ਉਸ ਦਾ ਮਿਲਾਪ ਹੁੰਦਾ ਹੈ। ਗੁਰੂ ਦੁਆਰਿਓਂ ਉਸ ਨੂੰ ਦੀਖਿਆ ਮਿਲਦੀ ਹੈ, ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਉਸ ਨੂੰ ਨਾਮ ਦ੍ਰਿੜ ਕਰਵਾ ਦਿੰਦਾ ਹੈ, ਸਿਮਰਨ ਦੀ ਜੁਗਤੀ ਦੱਸ ਕੇ *"ਗੁਰਮਤਿ ਗਾਡੀ ਰਾਹ"* ਤੇ ਪਾ ਦਿੰਦਾ ਹੈ, ਜਿਸ ਲੀਹ (ਰਸਤੇ) ਤੇ ਚਲ ਕੇ ਜਗਿਆਸੂ ਆਪਣੇ ਟਿਕਾਣੇ (ਨਿਜ ਘਰ) ਪੁੱਜ ਜਾਂਦਾ ਹੈ।

ਆਪਣੇ ਆਪ ਮਨੁੱਖ ਭਾਵੇਂ ਜਿੰਨੀਆਂ ਮਰਜ਼ੀ ਉਕਤੀਆਂ ਜੁਗਤੀਆਂ ਵਰਤਦਾ ਰਹੇ, ਔਝੜੇ ਪਿਆ ਜੰਗਲ ਵਿੱਚ ਭਟਕਦਾ ਹੀ ਫਿਰੇਗਾ। ਜਿੰਨੀ ਦੇਰ ਨਾਮ ਦੇ ਦਾਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿੱਚ ਨਹੀਂ ਆਉਂਦਾ, ਅੰਮ੍ਰਿਤ ਨਹੀਂ ਛੱਕਦਾ, ਨਾਮ ਨਹੀਂ ਜਪ ਸਕੇਗਾ, ਨਿਗੁਰਾ ਹੀ ਭੰਬਲਭੂਸੇ ਵਿੱਚ ਪਿਆ ਅਮੋਲਕ ਜੀਵਨ ਬਰਬਾਦ ਕਰੀ ਜਾਏਗਾ।

ਮਨੁੱਖ ਦੇ ਮਨ ਤੇ ਲੱਗੀ ਮਾਇਆ ਦੀ ਲੇਪ ਦੂਰ ਹੋਵੇਗੀ ਨਾਮ ਸਿਮਰਨ ਨਾਲ, ਦਾਤਾਰ ਪ੍ਰਭੂ ਦੀ ਸਿਫ਼ਤ ਸਾਲਾਹ ਵਾਲੀ ਗੁਰੂ ਦੀ ਸੱਚੀ ਬਾਣੀ ਪੜ੍ਹਨ ਸੁਣਨ ਤੇ ਗਾਉਣ ਨਾਲ। ਮਾਇਆ ਜਾਲ ਤੋਂ ਬੰਦ-ਖਲਾਸੀ (ਮੁਕਤੀ) ਹੋਏਗੀ ਗੁਰੂ ਦੀ ਬਾਣੀ ਨਾਲ ਪ੍ਰੇਮ ਪਾਉਣ ਨਾਲ। ਇਹੋ ਹੀ ਸੌਖੀ ਜੁਗਤੀ ਹੈ ਪ੍ਰਭੂ-ਪ੍ਰੀਤਮ ਨੂੰ ਰੀਝਾਉਣ ਦੀ, ਏਹੋ ਹੀ ਤਪਾਂ ਸਿਰ ਤਪ ਹੈ, ਗੁਰਮੁਖ ਜੋਗੀ, ਗੁਰੂ ਦੇ ਸਿੱਖ ਦਾ। ਗੁਰੂ ਨਾਨਕ ਦੇਵ ਜੀ ਇਉਂ ਹੀ ਕਹਿੰਦੇ ਹਨ -

**"ਭਨਤਿ ਨਾਨਕੁ ਕਰੇ ਵੀਚਾਰੁ॥**
**ਸਾਚੀ ਬਾਣੀ ਸਿਉ ਧਰੇ ਪਿਆਰੁ॥**
**ਤਾ ਕੋ ਪਾਵੈ ਮੋਖ ਦੁਆਰੁ॥**
**ਜਪੁ ਤਪੁ ਸਭੁ ਇਹੁ ਸ਼ਬਦੁ ਹੈ ਸਾਰੁ॥"**

ਗੁਰਮਤਿ ਦਾ ਮਾਰਗ ਸਹਿਜ ਯੋਗ ਹੈ, ਹਠ ਯੋਗ ਨਹੀਂ। ਹਠ ਪਿੱਟਣ ਨਾਲ, ਬਹੁਤਾ ਰੌਲਾ ਪਾਉਣ ਨਾਲ, ਬੂਹੇ ਭੰਨਣ ਨਾਲ ਪ੍ਰਭੂ ਪਤੀਜਦਾ ਨਹੀਂ, ਨਾਰਾਜ਼ ਤਾਂ ਭਾਵੇਂ ਹੋ ਜਾਵੇ। ਪ੍ਰਵਾਨ ਹੋਣ ਵਾਸਤੇ ਹੁਕਮੀ ਬੰਦਾ ਬਣਨ ਦੀ ਲੋੜ ਹੈ, ਸਲਾਮ ਵੀ ਕਰੀ ਜਾਣੇ, ਹੁੱਜਤਾਂ ਵੀ ਕਰੀ ਜਾਣੀਆਂ, ਸ਼ਹੁ ਨੂੰ ਭਾਉਂਦਾ ਨਹੀਂ। '**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ।** (ਆਸਾ ਕੀ ਵਾਰ) ਸਿੱਖ ਦਾ ਕੰਮ ਹੈ ਪ੍ਰਭੂ ਦੇ ਦੁਆਰ ਜਾ ਕੇ ਟਿਕ ਕੇ ਬੈਠਣ ਦਾ, ਪ੍ਰਭੂ ਦੀ ਯਾਦ ਨੂੰ ਹਿਰਦੇ ਵਿੱਚ ਵਸਾਉਣ ਦਾ, ਉਸ ਦੀ ਨਦਰਿ ਦੇ ਪਾਤਰ



www.AKJ.Org

ਬਣਨ ਦਾ, ਉਸ ਦੇ ਭਾਣੇ ਵਿੱਚ ਰਹਿਣ ਦਾ, ਭਾਣੇ ਨੂੰ ਸਤਿ ਕਰ ਕੇ ਮੰਨਣ ਦਾ, ਨਿਮਾਣੇ ਬਣ ਕੇ ਹੁਕਮਾਂ ਅੰਦਰ ਕਾਰ ਕਰਨ ਦਾ। ਜੇ ਮਾਲਕ ਇੱਟਾਂ ਢੋਣ ਲਗਾ ਦੇਵੇ ਤਾਂ ਵੀ ਖੁਸ਼, ਜੇ ਅਫ਼ਸਰ ਬਣਾ ਕੇ ਕੁਰਸੀ ਤੇ ਬਿਠਾ ਦੇਵੇ ਤਾਂ ਵੀ ਉਸ ਦੀ ਮੇਹਰ ਹੀ ਸਮਝੇ, ਹਉਮੈ ਹੰਕਾਰ ਵਿੱਚ ਨਾ ਆਵੇ।

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ,**
**ਦੁਖਿ ਭੀ ਤੁਝੈ ਧਿਆਈ।।੨।।**
**ਜੇ ਭੁਖ ਦੇਹਿ ਤ ਇਤ ਹੀ ਰਾਜਾ,**
**ਦੁਖ ਵਿਚਿ ਸੂਖ ਮਨਾਈ।।੩।।** (ਪੰਨਾ ੭੫੭-੫੮)

ਗੁਰੂ ਕੇ ਸਿੱਖ ਦੀ ਐਸੀ ਬਿਰਤੀ ਹੋਵੇ।

**"ਐਸੀ ਸੇਵਕ ਸੇਵਾ ਕਰੈ।।**
**ਜਿਸ ਕਾ ਜੀਉ ਤਿਸੁ ਆਗੈ ਧਰੈ।।**
**ਸਾਹਿਬ ਭਾਵੈ ਸੋ ਪਰਵਾਣੁ।।**
**ਸੋ ਸੇਵਕੁ ਦਰਗਹ ਪਾਵੈ ਮਾਣੁ।।੩।।"**

ਗੁਰੂ ਕਾ ਸਿੱਖ ਐਸੀ ਸੇਵਾ ਕਰੇ। ਕੈਸੀ ਸੇਵਾ ਕਰੇ ?

**"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,**
**ਹੁਕਮਿ ਮੰਨਿਐ ਪਾਈਐ।।"** (ਪੰਨਾ ੯੧੮)

ਆਪਣਾ ਆਪ ਮਾਇਆ ਦੇ ਹਵਾਲੇ ਕਰਨ ਦੀ ਥਾਂ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਦੇ ਹਵਾਲੇ ਕਰ ਦੇਵੇ। ਇਉਂ ਜੋ ਗੁਰੂ ਦਾ ਹੁਕਮ ਮਿੱਠਾ ਲੱਗਣ ਲੱਗ ਪਏ ਤਾਂ ਪ੍ਰਭੂ ਪ੍ਰੀਤਮ ਮਿਲ ਪੈਂਦਾ ਹੈ।

ਹੁਕਮ ਮੰਨਣ ਸਦਕਾ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੀ ਨਦਰਿ ਦੇ ਪਾਤਰ ਬਣ ਗਏ, ਨਦਰੀ ਨਦਰਿ ਨਿਹਾਲ ਹੋ ਗਏ, ਚੇਲੇ ਤੋਂ ਗੁਰੂ ਬਣ ਗਏ। ਗੁਰੂ ਦੀ ਕ੍ਰਿਪਾ ਸਦਕਾ ਨਾਮ ਸਿਮਰਨ ਦੀ ਸੱਚੀ ਕਾਰ ਵਿੱਚ ਜੁੱਟ ਗਏ। ਗ੍ਰਹਸਥ ਵਿੱਚ ਰਹਿੰਦੇ ਹੋਏ ਹੀ ਮਾਇਆ ਤੋਂ ਨਿਰਲੇਪ ਹੋ ਗਏ, ਅੱਠੇ ਪਹਿਰ 'ਸ਼ਬਦ' ਵਿੱਚ ਸੁਰਤਿ ਜੋੜੀ ਰੱਖਦੇ।

**"ਸਤਿਗੁਰ ਕੀ ਐਸੀ ਵਡਿਆਈ।।**
**ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।।੨।।"**

ਹਾਂ ਜੀ ! ਸਤਿਗੁਰੂ ਦੀ ਐਸੀ ਹੀ ਵਡਿਆਈ ਹੈ।

**"ਬਾਹਰਿ ਢੂਢਨ ਤੇ ਛੂਟਿ ਪਰੇ,**
**ਗੁਰਿ ਘਰ ਹੀ ਮਾਹਿ ਦਿਖਾਇਆਥਾ।।**
**ਅਨਭਉ ਅਚਰਜ ਰੂਪ ਪ੍ਰਭ ਪੇਖਿਆ,**
**ਮੇਰਾ ਮਨ ਛੋਡਿ ਨ ਕਤਹੂ ਜਾਇਆਥਾ।।੧।।**
**ਮਾਨਕੁ ਪਾਇਓ ਰੇ ਪਾਇਓ,**
**ਹਰਿ ਪੂਰਾ ਪਾਇਆਥਾ।।**
**ਮੋਲਿ ਅਮੋਲੁ ਨ ਪਾਇਆ ਜਾਈ,**
**ਕਰਿ ਕਿਰਪਾ ਗੁਰੂ ਦਿਵਾਇਆਥਾ।।੧।।ਰਹਾਉ।।**
(ਮਾਰੂ ਮ: ੫, ਪੰਨਾ ੧੦੦੨)

**"ਕਰਿ ਕਿਰਪਾ ਗੁਰੂ ਦਿਵਾਇਆਥਾ।"** ਪੂਰਨ ਗੁਰੂ ਨੇ ਕਿਰਪਾ ਕਰਕੇ ਮੋਤੀ (ਮਾਨਕੁ) ਲਾਲ ਹੀਰਾ ਰੂਪ ਪ੍ਰਭੂ ਮਿਲਾ ਦਿੱਤਾ-

**"ਪਰਗਾਸੁ ਭਇਆ ਕਉਲੁ ਖਿਲਿਆ।"**(ਪੰਨਾ ੨੪੯)

ਪ੍ਰਭੂ ਦੇ ਮਿਲਣ ਸਦਕਾ ਪ੍ਰਕਾਸ਼ ਹੋ ਗਿਆ, ਹਿਰਦਾ ਰੂਪ ਕੰਵਲ ਖਿੜ ਗਿਆ, ਮਨ ਗਦ-ਗਦ ਹੋ ਗਿਆ, ਹਰੀ ਦਾ ਨਾਮ ਧਿਆਉਣ ਨਾਲ, ਸਿਮਰਨ ਕਰਨ ਸਦਕਾ। **"ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੜੀਏ ਹਰਿ ਹਰਿ ਨਾਮੁ ਧਿਆਏ ਰਾਮ।।"** (ਪੰਨਾ ੫੩੮)

ਪ੍ਰਕਾਸ਼ ਅਰਥਾਤ ਜੋਤ ਪ੍ਰਗਟ ਹੋਣ ਨਾਲ ਆਤਮਾ ਤੇ ਪਰਮ-ਆਤਮਾ (ਪਰਮਾਤਮਾ) ਮਿਲ ਕੇ ਇੱਕ ਰੂਪ ਹੋ ਗਏ, ਮਨ ਅੰਦਰਲੀ ਦ੍ਵੈਤ ਖਤਮ ਹੋ ਗਈ, ਦੁਨਿਆਵੀ ਧੱਕੇ ਮੁੱਕ ਗਏ। **"ਗੁਰ ਤੁਠੇ ਹਰਿ ਪਾਇਆ, ਚੂਕੇ ਧਕ ਧਕੇ।। ਹਰਿ ਜਨ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ।।"** (ਪੰਨਾ ੪੪੯)

ਸਤਿਗੁਰੂ ਦੀ ਮੂਰਤ ਅਰਥਾਤ ਗੁਰ-ਸ਼ਬਦ (ਗੁਰ ਮੂਰਤਿ ਗੁਰ ਸ਼ਬਦ ਹੈ) ਹਿਰਦੇ ਵਿੱਚ ਵਸਣ ਨਾਲ ਅੱਠੇ ਪਹਿਰ ਸਿਮਰਨ ਚੱਲਣ ਲੱਗ ਪੈਂਦਾ ਹੈ, ਉਠਦਿਆਂ ਬਹਿੰਦਿਆਂ, ਸੁੱਤਿਆਂ ਜਾਗਦਿਆਂ ਆਟੋਮੈਟਿਕ ਘੜੀ ਵਾਂਗ ਟਿਕ ਟਿਕ ਹੁੰਦੀ ਹੀ ਰਹਿੰਦੀ ਹੈ। ਜਿਸ ਜਨ ਤੇ ਸੱਚੇ ਸਾਹਿਬ (ਪ੍ਰਭੂ) ਦੀ ਐਸੀ ਕਿਰਪਾ ਹੋ ਜਾਂਦੀ ਹੈ ਉਸ ਦੇ ਸਾਰੇ ਡਰ ਭੈ ਖਤਮ ਹੋ ਜਾਂਦੇ ਹਨ, ਉਹ ਜੋ ਕਾਮਨਾ (ਇੱਛਾ) ਕਰਦਾ ਹੈ, ਪੂਰੀ ਹੋ ਜਾਂਦੀ ਹੈ।

**"ਸਤਿਗੁਰ ਕੀ ਮੂਰਤਿ ਹਿਰਦੈ ਵਸਾਏ।।**
**ਜੋ ਇਛੈ ਸੋਈ ਫਲੁ ਪਾਏ।।**
**ਸਾਚਾ ਸਾਹਿਬੁ ਕਿਰਪਾ ਕਰੈ।।**
**ਸੋ ਸੇਵਕੁ ਜਮ ਤੇ ਕੈਸਾ ਡਰੈ।।੪।।"**

ਇਹ ਮਰਾਤਬਾ ਮਿਲਦਾ ਹੈ ਸਤਿਗੁਰੂ ਦੀ ਬਾਣੀ ਨੂੰ ਸਤਿ ਕਰ ਕੇ ਮੰਨਣ ਨਾਲ, ਬਾਣੀ ਨਾਲ ਪ੍ਰੇਮ ਪਾਉਣ ਨਾਲ, ਪ੍ਰਭੂ ਦੀ ਨਦਰਿ ਦੇ ਪਾਤਰ ਬਣਨ ਨਾਲ। ਪ੍ਰਭੂ ਦੀ ਨਦਰਿ ਹੁੰਦੀ ਹੈ ਚਤੁਰਾਈਆਂ ਚਲਾਕੀਆਂ ਛੱਡਣ ਨਾਲ, ਮਨਮਤਿ ਤਿਆਗ ਕੇ ਗੁਰਮਤਿ ਗ੍ਰਹਿਣ ਕਰਨ ਨਾਲ, "ਮੈਂ ਮੈਂ" (ਹਉਮੈ) ਦੀ ਰਟ ਛੱਡ ਕੇ "ਤੂੰ ਤੂੰ" ਦਾ ਰਾਗ ਅਲਾਪਣ ਨਾਲ, ਗੁਰੂ ਗੁਰੂ ਜਪਣ ਨਾਲ, ਵਾਹਿਗੁਰੂ ਵਾਹਿਗੁਰੂ ਦੀ ਧੁੰਨ ਪੈਦਾ ਕਰਨ ਨਾਲ। ਅਤੇ ਇਹ ਰਸ ਪੈਦਾ ਹੁੰਦਾ ਹੈ ਜਦੋਂ ਸਾਡੇ ਹਿਰਦੇ 'ਚੋਂ ਇਹ ਅਰਜ ਗੂੰਜਣ ਲੱਗ ਪੈਂਦੀ ਹੈ-

**ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ।।**
**ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।।**
(ਪੰਨਾ ੯੯੧)

* * * * *



www.AKJ.Org

# ਗੁਰੂ ਦਸ਼ਮੇਸ਼ ਪਾਤਸ਼ਾਹ ਦਾ ਆਦਰਸ਼

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਇਹ ਕਹਿਣਾ ਬਿਲਕੁਲ ਲਗ਼ਵ (ਬੇਹੂਦਾ) ਹੈ, ਜੈਸਾ ਕਿ ਆਮ ਕਹਾਵਤ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਕੇਵਲ ਹਿੰਦੂ ਧਰਮ ਰਖਸ਼ਕ ਸਨ ਤੇ ਹਿੰਦੂ ਧਰਮ ਦੇ ਹੀ ਗੱਦੀ ਪੀਰ ਸਦਵਾਂਦੇ ਸਨ।

ਆਪੋ ਆਪਣੇ ਖਿਆਲਾਂ ਅਨੁਸਾਰ ਕੋਈ ਕੁਛ ਕਹਿੰਦਾ ਫਿਰੇ, ਪਰੰਤੂ ਹੱਕ ਤਾਂ ਏਸ ਗੱਲ ਵਿੱਚ ਹੈ ਕਿ ਗੁਰੂ ਦਸ਼ਮੇਸ਼ ਪਾਤਸ਼ਾਹ ਹੱਕ-ਪ੍ਰਸਤ ਅਤੇ ਹੱਕ ਦੇ ਮੁਤਲਾਸ਼ੀਆਂ ਦੇ ਸੱਚੇ ਰਹਿਬਰ ਸਨ। ਉਨ੍ਹਾਂ ਦੇ ਪਾਸ ਜੋ ਸ਼ਖਸ ਭੀ ਹੱਕ-ਜੋਇੰਦਾ (ਸੱਚ ਦਾ ਢੂੰਡਾਊ) ਬਣ ਕੇ ਆਇਆ, ਉਸ ਨੂੰ ਹੀ ਸੱਚੇ ਪਾਤਸ਼ਾਹ ਨੇ ਹੱਕ-ਪ੍ਰਸਤ ਬਣਾ ਦਿਤਾ ਅਤੇ ਖੁਦਾਵੰਦ ਸੱਚੇ ਵਾਹਿਗੁਰੂ ਦੇ ਲੜ ਲਾਇਆ। ਗਹਿਰ ਗੰਭੀਰੇ ਮੱਚਦੇ ਜੰਗ ਸਮੇਂ ਭੀ ਗੁਰੂ ਸੱਚੇ ਪਾਤਸ਼ਾਹ ਨੇ ਧਰਮੀ ਲੋਕਾਂ ਦਾ ਅੰਗ ਪਾਲਿਆ ਅਤੇ ਰਾਜਸੀ ਰੁਹਬ ਦਾਬ ਦੀ ਕੁਛ ਪ੍ਰਵਾਹ ਨਹੀਂ ਕੀਤੀ।

ਮੱਚਦੇ ਘੋਰ ਜੰਗ ਵਿਚ ਇਕ ਮੁਸਲਮਾਨੀ ਜਰਨੈਲ ਸੈਦ ਬੇਗ ਮੁਸਲਮਾਨੀ ਫੌਜ ਵਿਚੋਂ ਨਿੱਖੜ ਕੇ ਸਿਰਫ਼ ਗੁਰੂ ਦਸ਼ਮੇਸ਼ ਜੀ ਦੇ ਚਰਨਾਂ ਨੂੰ ਆਇਆ, ਅੰਤਰਜਾਮੀ ਗੁਰੂ ਜੀ ਨੇ ਉਸ ਦੀ ਸੱਚੀ ਹੁੱਬ ਪਛਾਣ ਕੇ ਉਸ ਜਰਨੈਲ ਨੂੰ ਇਕ ਅਕਾਲ ਪੁਰਖ ਦਾ ਅਜਿਹਾ ਆਸ਼ਕ ਅਤੇ ਸੱਚਾ ਮਸਤਾਨਾ ਬਣਾ ਦਿੱਤਾ ਕਿ ਉਹ ਯੁਧ-ਭੂਮੀ ਛੱਡ ਕੇ ਅਤੇ ਮੁਸਲਮਾਨੀ ਫ਼ੌਜ ਦੀ ਸਿਪਾਹ-ਸਾਲਾਰੀ ਤਿਆਗ ਕੇ, ਇਕ ਅਕਾਲ ਪੁਰਖ ਦਾ ਸੱਚਾ ਆਸ਼ਕ-ਉਪਾਸ਼ਕ ਬਣ ਗਿਆ। ਬੁੱਧੂ ਸ਼ਾਹ ਸਢੌਰੇ ਵਾਲੇ ਨੇ ਆਪਣੀ ਸਾਰੀ ਅੰਸ਼ ਬੰਸ ਗੁਰੂ ਦਸ਼ਮੇਸ਼ ਜੀ ਦੇ ਸੱਚੇ ਉਪਦੇਸ਼ ਵਿਟਹੁ ਕੁਰਬਾਨ ਕਰ ਦਿੱਤੀ।

ਬਾਈ ਧਾਰ ਤੇ ਸਮੱਗਰ ਹਿੰਦੂ ਰਾਜੇ, ਜੋ ਉਸ ਸਮੇਂ ਦੀ ਰਾਜ-ਗਰਦੀ ਦੇ ਦੁਬੇਲ ਬਣੇ ਹੋਏ ਸਨ, ਗੁਰੂ ਦਸ਼ਮੇਸ਼ ਜੀ ਦੇ ਨਜ਼ਰ-ਪਾਤਰ ਨਾ ਹੀ ਬਣੇ। ਨਾ ਹੀ ਉਨ੍ਹਾਂ (ਪਹਾੜੀ) ਰਾਜਿਆਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਉਦੇਸ਼ ਦੁਆਰਾ ਬੁੱਤ-ਪ੍ਰਸਤੀ ਛੱਡੀ ਅਤੇ ਨਾ ਹੀ ਉਨ੍ਹਾਂ ਨੇ ਮੁਸਲਮਾਨੀ ਰਾਜਿਆਂ ਦਾ ਦੁਬੇਲ-ਪੁਣਾ ਤਿਆਗਿਆ। ਏਥੋਂ ਤੱਕ ਕਿ ਗੁਰੂ ਦਸ਼ਮੇਸ਼ ਜੀ ਦਾ ਸੱਚਾ ਦਰਸਾਇਆ ਧਰਮ ਭੀ ਧਾਰਨੋਂ ਮੁਨਕਰ ਹੋ ਗਏ।

ਗੁਰੂ ਦਸ਼ਮੇਸ਼ ਸੱਚੇ ਪਾਤਸ਼ਾਹ ਦਾ ਸੱਚਾ ਆਦਰਸ਼ ਪ੍ਰਾਣੀ ਮਾਤ੍ਰ ਨੂੰ ਰਾਹਿ-ਰਾਸਤ ਤੇ ਲਿਆਉਣ ਦਾ ਸੀ। ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦਿਖਾਵੇ ਦੇ ਗੁਰੂ ਸਾਹਿਬ ਨੇ ਅਮਲੀ ਤੌਰ ਪਰ ਕਰਕੇ ਦਿਖਾਇਆ, ਪਰੰਤੂ ਜ਼ਾਤ ਅਭਿਮਾਨੀ ਪਹਾੜੀ ਰਾਜਿਆਂ ਨੂੰ ਗੁਰੂ ਦਸ਼ਮੇਸ਼ ਜੀ ਦੇ ਸੱਚੇ ਸੁੱਚੇ ਉਪਦੇਸ਼ ਦੀ ਇਹ ਤਾਲੀਮ ਮਨਜ਼ੂਰ ਨਹੀਂ ਸੀ। ਉਹ ਮੰਨਣੋਂ ਮੁਨਹਰਫ਼ (ਮੁਨਕਰ) ਹੋ ਗਏ। ਨਾ ਹੀ ਉਨ੍ਹਾ ਨੇ ਰਾਜ-ਗਰਦੀ ਦਾ ਸਾਥ ਤਿਆਗਿਆ ਅਤੇ ਨਾ ਹੀ ਬੁੱਤ-ਪ੍ਰਸਤੀ ਅਤੇ ਮੜ੍ਹਾ-ਪ੍ਰਸਤੀ ਦੀ ਬਿਦਅਤ ਤਿਆਗੀ। ਤਾਂਤੇ ਤਿੰਨ੍ਹਾਂ ਮੁਨਹਰਫ਼ ਹਿੰਦੂ ਰਾਜਿਆਂ ਨੇ ਆਪਣਾ ਕੀਤਾ ਪਾਇਆ, ਪਾਉਣਾ ਹੀ ਸੀ। ਜੋ ਪੁਰਸ਼ ਗੁਰੂ ਦਸ਼ਮੇਸ਼ ਸਾਰਖੇ ਬੇਗਰਜ਼ ਅਤੇ ਪਰਉਪਕਾਰੀ ਵਡ ਪੁਰਖਾਂ ਦਾ ਕਿਹਾ ਨਹੀਂ ਮੰਨਦੇ ਉਨ੍ਹਾਂ ਦੀ ਅਵੱਸ਼ ਇਹੋ ਹਾਲਤ ਹੋਣੀ ਸੀ, ਜੈਸੀ ਕਿ ਪਹਾੜੀ ਰਾਜਿਆਂ ਦੀ ਹੋਈ ਹੈ। ਜੈਸੇ ਕਿ ਸ੍ਰੀ ਦਸ਼ਮੇਸ਼ ਜੀ ਜ਼ੁਲਮੀ ਰਾਜ ਸਮਾਜ ਦੇ ਸੱਚੇ ਬੇਖ਼ਕੁਨ (ਉਸਰਈਏ) ਹੋਏ ਐਸਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਣਾ ਹੈ। ਹਾਦੀਆਂ ਸਿਰ ਹਾਦੀ (ਰਾਹ ਦਸਣ ਵਾਲਾ) ਅਤੇ ਅਵਤਾਰਾਂ ਸਿਰ ਗੁਰੂ ਅਵਤਾਰ ਸ੍ਰੀ ਦਸ਼ਮੇਸ਼ ਜੀ ਮਹਾਰਾਜ ਆਪਣੀ ਯਕਤਾਨੀਅਤ ਵਿਚ ਹੋਏ (ਭਾਵ ਆਪਣੀ ਮਿਸਾਲ ਆਪ ਹੀ ਹੋਏ)। ਗੁਰੂ ਦਸ਼ਮੇਸ਼ ਜੀ ਨੇ ਆਪਣੇ ਦਰਸਾਏ ਪੰਥ ਉਤੇ ਚੱਲਣਹਾਰੇ ਸਿੰਘ-ਉਪਾਸ਼ਕਾਂ ਨੂੰ ਕੇਵਲ ਇਹ ਭੇਤ ਦਰਸਾਇਆ ਕਿ ਹਰ ਹਾਲਤ ਵਿਚ ਰਾਸਤਗੋਈ (ਸਚਿਆਈ) ਅਤੇ ਹੱਕ-ਸ਼ਨਾਸੀ (ਸੱਚ ਦੀ ਪਛਾਣ) ਉੱਤੇ ਚੱਲਣਾ ਹੈ ਅਤੇ ਕਿਸੇ ਦਾ ਦੁਬੇਲ ਨਹੀਂ ਬਣਨਾ, ਚਾਹੇ ਉਹ ਕਿਤਨਾ ਹੀ ਆਪਣੇ ਆਪ ਨੂੰ ਨਵੀਨ ਅਤੇ ਪ੍ਰਾਚੀਨ ਰਾਜਗਰਦੀ ਦਾ ਨੇਤਾ ਕਿਉਂ ਨਾ ਸਦਾਏ।

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਸਾਹਿਬ ਨੇ ਆਪਣੇ ਜ਼ਫਰਨਾਮੇ ਵਿਚ (ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ), ਦਰਸਾਏ ਏਸ ਹੁਕਮ ਅਨੁਸਾਰ :-

**ਮਨਮ ਕੁਸ਼ਤਾ-ਅਮ ਕੋਹੀਆਂ ਬੁਤਪ੍ਰਸਤ।।**
**ਕਿ ਆਂ ਬੁੱਤ-ਪ੍ਰਸਤੰਦੋ ਮਨ ਬੁਤ-ਸ਼ਿਕਸਤ।।੯੨।।**

(ਜ਼ਫਰਨਾਮਾ ਪਾਤਸ਼ਾਹੀ ੧੦)



www.AKJ.Org

ਅਮਲੀ ਤੌਰ ਤੇ ਸਰਬੱਤਰ ਪਹਾੜੀ ਰਾਜਿਆਂ ਦੇ ਫ਼ਰੇਬ ਭਰੇ ਮਕਰ ਨੂੰ ਬੇਖੌਫ਼ ਅਤੇ ਬੇਪਰਵਾਹ ਹੋ ਕੇ ਤਬਾਹ ਕੀਤਾ ਤੇ ਰੰਚਕ ਮਾਤਰ ਭੀ ਕਿਸੇ ਦੀ ਕਾਨ-ਕਣੌਡ ਨਹੀਂ ਰੱਖੀ। ਪਰੰਤੂ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਦੇ ਨਵੀਨ ਸਿੱਖ ਨੇਤਾ (ਜੋ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦੇ ਨਕਸ਼ੇ ਪਾ (ਪੈਰ ਚਿੰਨਾਂ) ਉਤੇ ਚੱਲਣ ਦਾ ਦਾਅਵਾ ਕਰਦੇ ਕਰਦੇ ਹਨ) ਇਕ ਮਾਮੂਲੀ ਜਿਹੇ ਰਾਜ-ਸਾਜ਼ੀ ਪੰਡਤ ਕਹਾਉਣ ਵਾਲੇ ਆਗੂ ਤੋਂ ਡਰਦੇ ਮਾਰੇ ਲਰਜ਼ਸ਼ ਅਤੇ ਕਾਂਪ ਖਾ ਕੇ ਅਜਿਹਾ ਪ੍ਰਗਟ ਕਰਨੋਂ ਭੀ ਨਹੀਂ ਸੰਕੋਚਦੇ ਕਿ ਸਿੱਖ ਕੇਵਲ ਹਿੰਦੂ ਰਾਜ ਦੇ ਹਮਾਇਤੀ ਹਨ ਅਤੇ ਹਿੰਦੂ ਧਰਮ ਦੇ ਰਖਸ਼ਕ ਹਨ। ਹਾਲਾਂਕਿ ਸਿੱਖਾਂ ਦੇ ਸੱਚੇ ਹਾਦੀ ਗੁਰੂ ਦਸਮੇਸ਼ ਜੀ ਸੱਚੇ ਪਾਤਸ਼ਾਹ ਦੀ ਇਹ ਹਦਾਇਤ ਹੈ ਕਿ ਮੇਰਾ ਸੱਚਾ ਸਿੱਖ ਕੇਵਲ ਉਹ ਹੀ ਹੋਵੇਗਾ ਜੋ ਕਿਸੇ ਵੀ ਜਰਵਾਣੇ ਦੀ ਕਾਣ-ਕਣੌਡ ਨਾ ਮੰਨਦਾ ਹੋਇਆ ਸਿਰਫ਼ ਸੱਚੇ ਮਾਰਗ ਤੇ ਹੀ ਚੱਲੇਗਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਸਿੰਘ ਸ੍ਰਜਨ ਜ਼ੁਲਮ ਅਤੇ ਜ਼ਾਲਮ ਦੀ ਜੜ੍ਹ ਉਖਾੜ ਸੁੱਟਣ ਵਿੱਚ ਸਭ ਤੋਂ ਮੋਹਰੀ ਹੋਵੇਗਾ। ਉਸ ਨੂੰ ਕਿਸੇ ਵੀ ਪਾਖੰਡੀ ਧਰਮ ਮਿਲਤ ਦੀ ਕਾਣ-ਕਣੌਡ ਨਹੀਂ ਹੋਵੇਗੀ। ਸ੍ਰੀ ਦਸਮੇਸ਼ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਮਜ਼ਲੂਮਾਂ ਤੇ ਹੋ ਰਹੇ ਜ਼ੁਲਮ ਦੀ ਸੋਇ ਨਾ ਸਹਾਰ ਕੇ ਅਦੁੱਤੀ ਕੁਰਬਾਨੀ ਕੀਤੀ, ਨਾ ਕਿ ਹਿੰਦੂ ਧਰਮ ਦੀ ਰਖਸ਼ਾ ਮਈ ਪ੍ਰਪਾਟੀ ਚਲਾਈ। ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸੱਚ ਮੁੱਚ ਇਸ ਆਪਣੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਤਿਆਰ ਬਰਤਿਆਰ ਖ਼ਾਲਸੇ ਨੂੰ ਦ੍ਰਿੜਾਇਆ ਕਿ :-

**ਜਬ ਲਗ ਖਾਲਸਾ ਰਹੇ ਨਿਆਰਾ।।**
**ਤਬ ਲਗ ਤੇਜ ਦੀਉ ਮੈ ਸਾਰਾ।।**
**ਜਬ ਇਹ ਗਹੈ ਬਿਪਰਨ ਕੀ ਰੀਤ।।**
**ਮੈ ਨ ਕਰੋ ਇਨ ਕੀ ਪ੍ਰਤੀਤ।।** (ਸਰਬ ਲੋਹ ਗ੍ਰੰਥ)

ਇਹ ਕੇਵਲ ਬੇਦੀਨੇ, ਆਨ (ਇੱਜ਼ਤ) ਹੀਣੇ, ਖ਼ੁਸ਼ਾਮਦੀ, ਸ਼ੁਹਰਤ-ਪ੍ਰਸਤ, ਆਪੋਂ ਬਣ ਬੈਠੇ ਸਿੱਖ ਧਰਮ ਦੇ ਆਗੂਆਂ ਦਾ ਹੀ ਵਰਤਾਰਾ ਹੈ ਕਿ ਇੱਕ ਅਨਮਤੀ ਬਿਪਰ ਦੀ ਚਾਰ-ਦਿਵਾਸੀ ਰਾਜ-ਸਾਜ-ਘੜਤਨੀ-ਬਿਔਂਤ ਤੋਂ ਡਰਦੇ ਮਾਰੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਰਖਸ਼ਕ ਗਰਦਾਨੀ ਫਿਰਦੇ ਹਨ। ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਸੱਚੇ ਅਤੇ ਸੁੱਚੇ ਉਪਦੇਸ਼ ਉਦੇਸ਼ ਅਨੁਸਾਰ ਗੁਰਸਿਖਾਂ ਪ੍ਰਤੀ ਇਹ ਸੱਬਕ ਸਿਖਾਇਆ ਕਿ ਕਿਸੇ ਮਲਨ ਅਤੇ ਮਲੀਨ ਬੁੱਧੀ ਵਾਲੇ ਆਗੂ ਦੀ ਈਨ ਨਹੀਂ ਮੰਨਣੀ, ਚਾਹੇ ਉਹ ਆਪਣੇ ਆਪ ਨੂੰ ਕਿਤਨਾ ਹੀ ਵਡ-ਵਡੇਰੂ ਕਹਾਉਂਦਾ ਫਿਰੇ। ਬੇਧੜਕ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਨਾ ਹੀ ਤਅੱਸਬ-ਗ੍ਰਸੇ ਤੁਰਕ (ਸੰਸਾਰੀ) ਬਾਦਸ਼ਾਹਾਂ ਦੀ ਈਨ ਮੰਨੀ ਅਤੇ ਨਾ ਹੀ ਹਿੰਦੂ ਰਾਜਿਆਂ ਦਾ ਹਿੰਦੂ-ਪਨ ਮਿਲਗੋਭਾ ਸਹਾਰਿਆ। ਬਲਕਿ ਜਿਥੇ ਸ੍ਰੀ ਦਸਮੇਸ਼ ਜੀ ਨੇ ਤੁਰਕਾਂ ਨੂੰ ਤੁਰਕੀ-ਬ-ਤੁਰਕੀ ਵੰਗਾਰ ਕੇ ਮਾਰ ਪਛਾੜਿਆ, ਤਿਥੇ ਹਿੰਦੂ ਰਾਜਿਆਂ ਨੂੰ ਭੀ ਸੱਚੀ ਸੁੱਚੀ ਨਸੀਹਤ ਦੇ ਕੇ ਇਹੋ ਸਮਾਲੋਚਨਾ ਕੀਤੀ ਕਿ ਕਰਮ ਧਰਮ ਉੱਤੇ ਚੱਲਣ ਦੇ ਆਦੀ ਬਣਨ, ਨਹੀਂ ਤਾਂ ਮੂੰਹ ਦੀ ਖਾਣਗੇ। ਬਦ-ਨਸੀਬ ਹਿੰਦੂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਇਹ ਨਸੀਹਤ ਮਨਜ਼ੂਰ ਨਹੀਂ ਸੀ, ਤਾਂ ਉਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਆਪਣਾ ਕੀਤਾ ਆਪ ਪਾਇਆ। ਗੁਰੂ ਦਸਮੇਸ਼ ਜੀ ਸੱਚੇ ਅਵਤਾਰ ਗੁਰੂ ਨੇ, ਸੱਚ ਮੁੱਚ ਆਪਣੇ ਏਸ ਅਗਲੇਰੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਯਥਾ ਗੁਰੂ ਦਸਮੇਸ਼ ਵਾਕ :-

**ਕਹਿਓ ਪ੍ਰਭੁ ਸੁ ਭਾਖਿ ਹੋ।।**
**ਕਿਸੂ ਨ ਕਾਨ ਰਾਖਿ ਹੋ।।**
**ਕਿਸੂ ਨ ਭੇਖ ਭੀਜ ਹੋ।।**
**ਅਲੇਖ ਬੀਜ ਬੀਜ ਹੋ।।੩੪।।**
**ਪਖਾਣ ਪੂਜ ਹੋ ਨਹੀ।।**
**ਨ ਭੇਖ ਭੀਜ ਹੋ ਕਹੀ।।**
**ਅਨੰਤ ਨਾਮ ਗਾਇ ਹੋ।।**
**ਪਰਮ ਪੁਰਖ ਪਾਇ ਹੋ।।੩੫।।**

(ਬਚਿਤ੍ਰ ਨਾਟਕ, ਅਧਿਆਇ ੬)

*****

ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ, ਅਨਦਿਨੁ ਮਾਰੀਅਹਿ ਦੁਖੁ ਸਬਾਇਆ।।
ਮਥੇ ਕਾਲੇ ਮਹਲੁ ਨ ਪਾਵਹਿ, ਦੁਖ ਹੀ ਵਿਚਿ ਦੁਖੁ ਪਾਇਦਾ।। (ਪੰਨਾ ੧੦੬੨)


www.AKJ.Org

# ਗੁਰੂ ਜੀ ਦਾ ਅਨੰਦਪੁਰ ਛੱਡਣਾ ਤੇ ਚਮਕੌਰ ਦੀ ਜੰਗ

(ਗਿਆਨੀ ਜਸਮੇਰ ਸਿੰਘ)

ਅਨੰਦਪੁਰੋਂ ਸਾਰਾ ਵਹੀਰ ਸਮੇਤ ਗੁਰੂ ਜੀ ਦੇ ਰੋਪੜ ਵੱਲ ਨੂੰ ਵਧਿਆ ਆ ਰਿਹਾ ਸੀ। ਗੁਰੂ ਜੀ ਵੈਰੀ ਦੀਆਂ ਚਾਲਾਂ ਤੋਂ ਭਲੀ ਭਾਂਤ ਜਾਣੂ ਸਨ। ਸੰਮਤ 1761 ਛੇ ਪੋਹ ਦੀ ਰਾਤ ਸੀ ਜਦੋਂ ਸਤਿਗੁਰਾਂ ਨੇ ਸਮੇਤ ਪਰਵਾਰ ਤੇ ਸਿੰਘਾਂ ਦੇ ਅਨੰਦਪੁਰ ਛੱਡਿਆ। ਖਾਲਸਾ ਜੀ ਦਾ ਵਹੀਰ ਅਜੇ ਕੀਰਤਪੁਰ ਹੀ ਲੰਘਿਆ ਸੀ ਕਿ ਵੈਰੀ ਦਲ ਨੇ ਕਸਮਾਂ ਭੁਲਾ ਕੇ ਹੱਲਾ ਬੋਲ ਦਿਤਾ। ਕਹਲੂਰੀਆ ਅਜਮੇਰ ਚੰਦ ਤੇ ਸੂਬਾ ਸਰਹੰਦ ਦੀਆਂ ਫੌਜਾਂ ਦੇ ਦਸਤੇ ਸਿੰਘਾਂ ਮਗਰ ਹੋ ਲਏ। ਸਿੰਘਾਂ ਦਾ ਸਾਰਾ ਵਹੀਰ ਖੁਲ੍ਹੇ ਮੈਦਾਨ ਵਿਚ ਸੀ। ਕਿਸੇ ਕਿਲ੍ਹੇ ਦੀ ਓਟ ਨਹੀਂ। ਉਪਰੋਂ ਸਿਆਲ ਦੀ ਵਰਖਾ ਤੇ ਪੋਹ ਦਾ ਮਹੀਨਾ। ਬੜੀ ਵੱਡੀ ਪ੍ਰੀਖਿਆ ਦਾ ਵੇਲਾ ਸੀ, ਗੁਰੂ ਜੀ ਤੇ ਉਸ ਦੇ ਸੂਰਮਿਆਂ ਦਾ। ਦੂਜੇ ਪਾਸੇ ਬਾਕੀ ਫੌਜਾਂ ਅਨੰਦਪੁਰ ਨੂੰ ਲੁਟਣ ਜਾ ਪਈਆਂ। ਅਨੰਦਪੁਰ ਵਿਚ ਤਾਂ ਕਿਲ੍ਹੇ ਦੀ ਓਟ ਸੀ। ਪਹਾੜ ਦੀ ਬਾਹੀ ਭਾਰੀ ਰੋਕ ਸੀ। ਪਰੰਤੂ ਖੁੱਲ੍ਹੇ ਮੈਦਾਨ ਵਿੱਚ ਕਿੱਡਾ ਭਾਰਾ ਖਤਰਾ ਸਾਹਮਣੇ ਖੜ੍ਹਾ ਸੀ, ਵੈਰੀ ਦਲਾਂ ਨੇ ਸਿੰਘਾਂ ਨੂੰ ਹਥਿਆਰ ਸੁੱਟਣ ਤੇ ਮਜਬੂਰ ਕੀਤਾ। ਪਰੰਤੂ ਸਿੰਘ ਉਨ੍ਹਾਂ ਨੂੰ ਤੇਗਾਂ, ਬਰਛਿਆਂ, ਬੰਦੂਕਾਂ ਨਾਲ ਥਾਂ ਰਖਦੇ ਰਹੇ। ਕੀਰਤਪੁਰ ਤੇ ਅਨੰਦਪੁਰ ਦੀ ਵਿੱਥ ਛੇ ਕੁ ਮੀਲ ਹੈ। ਕੀਰਤਪੁਰ ਤੋਂ ਸਰਸਾ ਵੀ ਇੰਨਾਂ ਕੁ ਸੀ। ਪਹਾੜੀ ਨਦੀਆਂ ਦੇ ਹੜ੍ਹ ਬੜੇ ਤਿੱਖੇ ਆਉਂਦੇ ਹਨ ਤੇ ਲੱਥ ਵੀ ਛੇਤੀ ਹੀ ਜਾਂਦੇ ਹਨ। ਜਦੋਂ ਸਿੰਘਾਂ ਦਾ ਵਹੀਰ ਸਰਸਾ ਨਦੀ ਦੇ ਕੰਢੇ ਉਤੇ ਪੁੱਜਾ, ਸਰਸਾ ਠਾਠਾਂ ਮਾਰ ਰਿਹਾ ਸੀ। ਪਿਛਲੇ ਪਾਸੇ ਤੁਰਕਾਂ ਦਾ ਲਹੂ ਪੀਣਾ ਟਿੱਡੀ ਦਲ ਅਗੇ ਸਰਸਾ ਚੜ੍ਹਿਆ ਹੋਇਆ ਠਾਠਾਂ ਮਾਰੇ, ਉਪਰੋਂ ਸਿਆਲ ਦੀ ਵਰਖਾ। ਪਾਣੀ ਦਾ ਵੇਗ ਅਤੀ ਤਿੱਖਾ। ਤੇਜ਼ ਪਾਣੀ ਵਿੱਚ ਘੋੜੇ ਵੀ ਰਹਿ ਗਏ। ਗੁਰੂ ਜੀ ਬਹੁਤ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਸਰਸੇ ਵਿੱਚ ਠਿਲ੍ਹ ਪਏ ਕਿਉਂ ਜੋ ਸਰਸੇ ਉੱਤੇ ਰੁਕਣਾ ਔਖਾ ਸੀ, ਵੈਰੀ ਪਿੱਛਾ ਕਰਦਾ ਆ ਰਿਹਾ ਸੀ। ਬਾਕੀ ਦੇ ਸਿੰਘਾਂ ਨੂੰ ਦਸਮੇਸ਼ ਜੀ ਨੇ ਤਾਕੀਦ ਕਰ ਦਿਤੀ ਕਿ ਕੋਈ ਵੀ ਸਿੰਘ ਹਥਿਆਰ ਨਾ ਸੁੱਟੇ, ਵੈਰੀ ਨੂੰ ਮਾਰ ਕੇ ਮਰੇ, ਹਥਿਆਰ ਸੁੱਟਣ ਨਾਲੋਂ ਮੌਤ ਚੰਗੀ ਹੈ, ਸਾਰੇ ਚੜ੍ਹਦੀ ਕਲਾ ਵਿੱਚ ਰਹਿਣ। ਵੈਰੀ ਨੂੰ ਠੱਲ੍ਹ ਪਾਉਣ ਲਈ ਸਿੰਘਾਂ ਦੇ ਜਥੇ ਲੋੜ ਮੁਤਾਬਿਕ ਸਰਸੇ ਦੇ ਕੰਢੇ ਉਤੇ ਖੜ੍ਹੇ ਕੀਤੇ ਗਏ ਤਾਂ ਜੋ ਵਹੀਰ ਨੂੰ ਲੰਘਾਇਆ ਜਾ ਸਕੇ। ਸਿੰਘ ਭੁੱਖੇ ਵੀ ਮਾਰੋ ਮਾਰ ਕਰਦੇ ਜਾਣ। ਅਨੰਦਪੁਰੋਂ ਟੁਰਨ ਵੇਲੇ ਖਾਲਸਾ ਜੀ ਦੇ ਸਾਰੇ ਵਹੀਰ ਦੀ ਗਿਣਤੀ ਡੇਢ ਕੁ ਹਜ਼ਾਰ ਹੋਵੇਗੀ ਜਿਨ੍ਹਾਂ ਵਿਚੋਂ ਅੱਠ ਕੁ ਸੌ ਘੋੜ ਸਵਾਰ ਸਨ, ਬਾਕੀ ਸਾਰਾ ਵਹੀਰ ਪੈਦਲ ਸੀ। ਸਰਸੇ ਉਤੇ ਆ ਕੇ ਗਹਿਗਚ ਦੀ ਜੰਗ ਮੱਚ ਗਈ। ਵਹੀਰ ਖਿੰਡ ਗਿਆ, ਚੜ੍ਹੇ ਹੋਏ ਹੜ੍ਹ ਵਿੱਚ ਘੋੜਿਆਂ ਦੀ ਪੇਸ਼ ਨਹੀਂ ਸੀ ਜਾਂਦੀ। ਬਹੁਤ ਭਾਰੀ ਗਿਣਤੀ ਸਿੰਘਾਂ ਦੀ ਰੁੜ੍ਹ ਗਈ। ਗੰਗਾ ਰਾਮ ਜੋ ਜ਼ਾਤ ਦਾ ਬ੍ਰਾਹਮਣ ਸੀ ਅਤੇ ਗੁਰੂ ਸਾਹਿਬ ਦਾ ਘਰੇਲੂ ਨੌਕਰ ਸੀ, ਛੋਟੇ ਸਾਹਿਬਜ਼ਾਦਿਆਂ ਨੂੰ ਸਮੇਤ ਮਾਤਾ ਗੁਜਰੀ ਦੇ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਦੇ ਨੇੜੇ ਸੀ, ਲੈ ਗਿਆ। ਰਹਿੰਦੇ ਬਾਕੀ ਜਿਧਰ ਕਿਸੇ ਦਾ ਮੂੰਹ ਲੱਗਾ ਚਾਲੇ ਪਾ ਗਿਆ। ਇਕ ਦੂਜੇ ਨੂੰ ਭਾਲਣ ਦਾ ਸਮਾਂ ਨਹੀਂ ਸੀ। ਵੈਰੀ ਦਲ ਸਰਸੇ ਤੇ ਆ ਕੇ ਰੁਕ ਗਿਆ। ਵੈਰੀ ਦਲ ਨੇ ਸਰਸਾ ਲੰਘਣ ਦਾ ਖਤਰਾ ਨਾ ਸਹੇੜਿਆ। ਦਸਮੇਸ਼ ਜੀ ਨਾਲ ਕੋਈ ਦੋ ਕੁ ਸੌ ਘੁੜ ਸਵਾਰ ਤੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸਰਸੇ ਨੂੰ ਪਾਰ ਕਰ ਸਕੇ। ਵੈਰੀ ਦਾ ਤੋਪਖਾਨਾ ਸਰਸੇ ਤੋਂ ਉਰਲੇ ਪਾਸੇ ਨਾ ਆ ਸਕਿਆ। ਸਰਸੇ ਤੋਂ ਰੋਪੜ ਕੋਈ ਦਸ ਕੁ ਮੀਲ ਹੈ। ਜਿਸ ਵੇਲੇ ਗੁਰੂ ਜੀ ਸਮੇਤ ਵਹੀਰ ਦੇ ਰੋਪੜ ਪੁੱਜੇ ਤਾਂ ਅਗੋਂ ਭੂਸਰੇ ਹੋਏ ਜਹੰਨਮੀ ਪਠਾਣਾਂ ਨੇ ਰਾਹ ਰੋਕ ਲਿਆ। ਸਿੰਘ ਵੀ ਮਲੋਮਲੀ ਗਲ ਪਏ ਨੂੰ ਲਾਹੁਣਾ ਜਾਣਦੇ ਸਨ, ਤਲਵਾਰਾਂ ਸੂਤ ਕੇ ਪਠਾਣਾਂ ਉੱਤੇ ਪੈ ਗਏ। ਦੋਵੇਂ ਪਾਸੀ ਕਾਫ਼ੀ ਬੰਦੇ ਮੋਏ, ਕਾਫ਼ੀ ਫੱਟੜ ਹੋਏ। ਰੋਪੜੋਂ ਚਮਕੌਰ ਲਹਿੰਦੇ ਪਾਸੇ ਤੇਰਾਂ ਕੁ ਮੀਲ ਹੈ। ਰੋਪੜ ਲੰਘਣ ਮਗਰੋਂ ਸਤਿਗੁਰਾਂ ਨਾਲ, ਚਾਲੀ ਸਿੰਘ ਤੇ ਦੋ ਵੱਡੇ ਸਾਹਿਬਜ਼ਾਦੇ ਰਹਿ ਗਏ ਸਨ। ਰੋਪੜੋਂ ਗੁਰੂ ਜੀ ਬਾਹਮਣ ਮਾਜਰੇ ਪਿੰਡ ਆਏ, ਉਥੋਂ ਬੂਰ ਮਾਜਰੇ। ਬੂਰ ਮਾਜਰੇ ਤੋਂ ਲੰਘੇ ਵੇਲੇ ਸਮੇਤ ਵਹੀਰ ਚੰਗੇ ਟਿਕਾਣੇ ਦੀ ਭਾਲ ਵਿਚ ਚਮਕੌਰ ਪੁੱਜੇ। ਇਸ ਦਿਨ ਇੱਕੀ ਦਸੰਬਰ ਦਾ ਦਿਨ ਸਤਾਰਾਂ ਸੌ ਚਾਰ ਈਸਵੀ ਸੀ। ਸਿੰਘਾਂ ਨੂੰ ਚਮਕੌਰ ਤੋਂ ਅਗਾਂਹ ਜਾਣਾ ਖਤਰੇ ਭਰਿਆ ਦਿਸਿਆ। ਪਿੱਛੇ ਵੈਰੀ ਵਾਹੋ ਦਾਹੀ ਆ ਰਿਹਾ ਸੀ। ਸੋ



www.AKJ.Org

ਸਰਬ ਖਾਲਸੇ ਨੇ ਚਮਕੌਰ ਠਹਿਰ ਕੇ ਵੈਰੀ ਨਾਲ ਜਮ ਕੇ ਲੜਨਾ ਹੀ ਠੀਕ ਸਮਝਿਆ। ਪਿਛਲੇ ਸਫ਼ਰ ਨਾਲ ਹੀਂ ਸਿੰਘ ਥੱਕੇ ਟੁੱਟੇ ਸਨ। ਉਹਨਾਂ ਨੇ ਮਤਾ ਪਕਾਇਆ ਕਿ ਚਮਕੌਰ ਅਟਕ ਕੇ ਥਕੇਵਾਂ ਲਾਹਿਆ ਜਾਵੇ। ਮਗਰੋਂ ਫਿਰ ਵੈਰੀਂ ਦਲ ਨਾਲ ਦੋ ਹੱਥ ਕੀਤੇ ਜਾਣ। ਗੁਰੂ ਜੀ ਦੀ ਸਿੰਘਾਂ ਨੂੰ ਖਾਸ ਤਾਕੀਦ ਸੀ, ਜਿਊਂਦਿਆਂ ਵੈਰੀ ਦੇ ਕਾਬੂ ਨਹੀਂ ਆਉਣਾ ਅਤੇ ਨਾ ਹੀ ਹਥਿਆਰ ਸੁੱਟਣੇ ਹਨ। ਸਤਿਗੁਰੂ ਜੀ ਸਮੇਤ ਸਿੰਘਾਂ ਦੇ ਬੁਧੀ ਚੰਦ ਚੌਧਰੀ ਦੀ ਹਵੇਲੀ ਵਿੱਚ ਜਾ ਟਿਕੇ। ਹਵੇਲੀ ਵਿਚ ਘੋੜੇ ਖੜੇ ਸਕਦੇ ਸਨ। ਹਵੇਲੀ ਤੋਂ ਬਾਹਰਲੇ ਪਾਸੇ ਦਾ ਦ੍ਰਿਸ਼ ਵੀ ਗੁਰੂ ਜੀ ਚੰਗੀ ਤਰ੍ਹਾਂ ਵੇਖ ਸਕਦੇ ਸਨ। ਹਵੇਲੀ ਉਚੇ ਥਾਂ ਸੀ।

ਦਿਲੀ ਤੋਂ ਚੱਲੀ ਹੋਈ ਤਾਜ਼ਾ ਸ਼ਾਹੀ ਫੌਜ ਨੂੰ ਰਸਤੇ ਵਿੱਚ ਰੋਪੜ ਤੋਂ ਉਰੇ ਪਤਾ ਲੱਗ ਗਿਆ ਕਿ ਗੁਰੂ ਜੀ ਚਮਕੌਰ ਚਲੇ ਗਏ ਹਨ। ਉਹਨਾ ਆਪਣਾ ਰੁਖ ਚਮਕੌਰ ਵੱਲ ਕਰ ਲਿਆ।

22 ਦਸੰਬਰ ਦਾ ਦਿਨ ਨਿਕਲਦਿਆਂ ਹੀ ਸੂਬਾ ਸਰਹੰਦ ਨੇ ਢੰਡੋਰਾ ਪਿਟਵਾਇਆ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਮੁਗਲ ਸ਼ਾਹੀ ਦੇ ਹਵਾਲੇ ਕਰ ਦੇਣ ਤੇ ਹਥਿਆਰ ਸੁੱਟ ਦੇਣ, ਨਹੀਂ ਤਾਂ ਹੱਲਾ ਕਰ ਦਿੱਤਾ ਜਾਵੇਗਾ। ਢੰਡੋਰੇ ਦੇ ਜਵਾਬ ਵਿੱਚ ਅੰਦਰੋਂ ਤੀਰ ਵਸਣ ਲੱਗੇ। ਚਮਕੌਰ ਦੇ ਰੰਘੜ ਤੇ ਗੁੱਜਰ ਮੁਗਲਸ਼ਾਹੀ ਤੋਂ ਡਰਦੇ ਗੁਰੂ ਜੀ ਦਾ ਸਾਥ ਨਾ ਦੇ ਸਕੇ। ਤੁਰਕ ਦਲ ਨੇ ਚਮਕੌਰ ਵਾਸੀਆਂ ਤੋਂ ਪੁਛਿਆ, "ਗੜ੍ਹੀ ਅੰਦਰ ਕਿੰਨੇ ਕੁ ਸਿੰਘ ਹਨ ?" ਉਨ੍ਹਾਂ ਆਖਿਆ ਕਿ ਕਲ੍ਹ ਸ਼ਾਮ ਵੇਲੇ ਤਾਂ ਥੋੜ੍ਹੇ ਜਿਹੇ ਸਨ, ਰਾਤੀਂ ਹੋਰ ਆ ਗਏ ਹੋਣਗੇ। ਇੱਧਰੋਂ ਤੁਰਕਾਂ ਦੇ ਟਿੱਡੀ ਦਲ ਨੇ ਹੱਲਾ ਬੋਲ ਦਿੱਤਾ। ਮੁਗਲ ਜਰਨੈਲ ਨਾਹਰ ਖਾਨ ਨੇ ਗੜ੍ਹੀ ਉਤੇ ਪੌੜੀ ਲਾ ਕੇ ਸਤਿਗੁਰਾਂ ਨੂੰ ਫੜਨ ਲਈ ਇਰਾਦਾ ਧਾਰਿਆ। ਜਦੋਂ ਉਨ੍ਹਾਂ ਨੇ ਕੰਧ ਤੋਂ ਜ਼ਰਾ ਕੁ ਉਪਰ ਸਿਰ ਕੀਤਾ ਗੁਰੂ ਜੀ ਦਾ ਸ਼ੂਕਦਾ ਤੀਰ ਉਸ ਦੇ ਪ੍ਰਾਣ ਸੂਤ ਕੇ ਲੈ ਗਿਆ। ਨਾਹਰ ਖਾਨ ਦੇ ਡਿੱਗਣ ਦੀ ਦੇਰ ਸੀ ਕਿ ਗਨੀ ਖਾਂ ਅੱਗੇ ਨੂੰ ਲਪਕਿਆ, ਦਸਮੇਸ਼ ਜੀ ਦੇ ਗੁਰਜ ਨੇ ਉਸ ਦਾ ਸਿਰ ਦੁਫਾੜ ਕਰ ਦਿੱਤਾ। ਆਪਣੇ ਸਾਥੀਆਂ ਨੂੰ ਮਰਦਾ ਦੇਖ ਕੇ ਖੁਆਜਾ ਮਰਦੂਦ ਅਲੀ ਖਾਂ ਦੀਵਾਰ ਦੇ ਉਹਲੇ ਹੋ ਕੇ ਜਾਨ ਬਚਾ ਕੇ ਭੱਜ ਗਿਆ।

ਆਪਣੇ ਸੂਰਬੀਰ ਹਠੀ ਜਰਨੈਲਾਂ ਨੂੰ ਮੈਦਾਨ ਵਿੱਚ ਬੁਰੀ ਤਰ੍ਹਾਂ ਮੋਏ ਵੇਖ ਕੇ ਵਜ਼ੀਰ ਖਾਂ ਸੂਬਾ ਸਰਹੰਦ ਨੇ ਹਵੇਲੀ ਦੀ ਬਾਹੀ ਨੂੰ ਤੋੜਨ ਲਈ ਹਨੇਰੀ ਵਾਂਗ ਧਾਵਾ ਬੋਲ ਦਿਤਾ।

**ਬਾਬਾ ਅਜੀਤ ਸਿੰਘ ਜੀ ਦਾ ਮੈਦਾਨ ਵਿੱਚ ਕੁੱਦਣਾ**

ਪੰਜ ਪੰਜ ਸਿੰਘਾਂ ਦੇ ਜਥੇ ਹਵੇਲੀ ਦੀਆਂ ਦੀਵਾਰਾਂ ਉਤੇ ਖੜ੍ਹੇ ਕੀਤੇ ਗਏ। ਬਹੁਤ ਚਿਰ ਤੱਕ ਏਡਾ ਭਾਰੀ ਹਮਲਾ ਰੋਕਣਾ ਔਖਾ ਸੀ। ਸਿੰਘਾਂ ਨੇ ਪੰਥ ਦੇ ਵਾਲੀ ਨੂੰ ਅਰਜ ਕੀਤੀ ਕਿ ਉਹ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਤੋਂ ਬਾਹਰ ਚਲੇ ਜਾਣ, ਪਿੱਛੇ ਅਸੀਂ ਜੂਝਦੇ ਰਹਾਂਗੇ। ਗੁਰੂ ਜੀ ਨੇ ਆਖਿਆ ਲੜਾਈ ਦੇ ਭਖੇ ਮੈਦਾਨ ਵੱਲ ਵੇਖੋ। ਐਹ ਵੇਖੋ ਗਿਰਝਾਂ, ਚੀਲਾਂ ਕਿਵੇਂ ਉੱਡ ਉੱਡ ਕੇ ਮਾਸ ਭਖ ਰਹੀਆਂ ਹਨ। ਸਿੰਘਾਂ ਨੇ ਫਿਰ ਆਖਿਆ ਸਤਿਗੁਰੂ ਜੀ ਤੁਹਾਡੇ ਲਈ ਇਹੋ ਚੰਗਾ ਹੈ ਕਿ ਤੁਸੀਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਖਾਲੀ ਕਰ ਦਿਓ। ਦਸਮੇਸ਼ ਜੀ ਆਖਣ ਲੱਗੇ ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ ? ਤੁਸੀਂ ਵੀ ਸਾਰੇ ਹੀਂ ਮੇਰੇ ਸਾਹਿਬਜ਼ਾਦੇ ਹੋ। ਸਿੰਘ ਚੁੱਪ ਹੋ ਗਏ ਸਨ। ਮੈਦਾਨ ਵਿਚ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ। ਚੁੜੇਲਾਂ ਚੀਕਣ ਲੱਗੀਆਂ, ਭੂਤ ਹੱਸਣ ਲੱਗੇ, ਕਾਲੀ ਲਹੂ ਦੇ ਖੱਪਰ ਭਰ ਭਰ ਕੇ ਪੀ ਰਹੀ ਸੀ, ਇੱਲ੍ਹਾਂ ਤੇ ਕਾਗ ਗੋਸ਼ਤ ਭਖ ਰਹੇ ਸਨ। ਘੋੜੇ ਘੁਰਕਦੇ ਸਨ, ਹਾਥੀ ਹੌਂਕਦੇ ਸਨ। ਠੀਕਰ ਠਹਿਕਣ ਲੱਗੇ। ਸੰਜ ਪਟੇਲਾਂ ਪਾਖਰਾਂ ਭਿੜ ਰਹੀਆਂ ਸਨ, ਲੋਹੇ ਤੇ ਲੋਹਾ ਖੜਕ ਰਿਹਾ ਸੀ। ਬਾਬਾ ਅਜੀਤ ਸਿੰਘ ਜੀ ਨੇ ਜੰਗ ਵਿਚ ਜਾਣ ਲਈ ਪਿਤਾ ਜੀ ਤੋਂ ਆਗਿਆ ਮੰਗ ਲਈ। ਸਤਿਗੁਰੂ ਜੀ ਨੇ ਆਪਣੇ ਲਾਲ ਨੂੰ ਜ਼ੁਲਮ ਦਾ ਹੜ੍ਹ ਰੋਕਣ ਲਈ ਤੋਰ ਦਿਤਾ।

ਬਾਬਾ ਅਜੀਤ ਸਿੰਘ ਜੀ ਦੇ ਨਾਲ ਅੱਠ ਸਿੰਘ ਖੂਨ ਦੀ ਹੋਲੀ ਖੇਡਣ ਨਿਕਲੇ। ਪੰਜਾਂ ਪਿਆਰਿਆਂ ਵਿਚੋਂ ਭਾਈ ਮੁਹਕਮ ਸਿੰਘ ਜੀ ਸਨ, ਬਾਕੀ ਦੇ ਸਤ ਸਨ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੋਹਰ ਸਿੰਘ, ਭਾਈ ਈਸ਼ਰ ਸਿੰਘ ਜੀ। ਇਹਨਾਂ ਦੀ ਸ਼ਹਾਦਤ ਮਗਰੋਂ ਭਾਈ ਕੋਠਾ ਸਿੰਘ ਜੀ ਨੇ ਬੀਰਤਾ ਦੇ ਜੌਹਰ ਵਿਖਾਏ।

ਸੰਸਾਰ ਦੇ ਸਮੁੱਚੇ ਇਤਿਹਾਸ ਵਿੱਚ ਕੋਈ ਵੀ ਅਜਿਹਾ ਪਿਤਾ ਨਹੀਂ ਮਿਲੇਗਾ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਵਾਂਗ ਆਪਣੇ ਪੁੱਤਰਾਂ ਨੂੰ ਜੰਗ ਵਿੱਚ ਝੋਕਿਆ ਹੋਵੇ। ਵੈਰੀ ਦਲ ਨੇ ਸਾਬਿਜ਼ਾਦੇ ਨੂੰ ਬਾਹਰ ਨਿਕਲਦਿਆਂ ਵੇਖ ਕੇ ਘੇਰਾ ਪਾਉਣ ਦੀ ਕੀਤੀ। ਬਾਬਾ ਅਜੀਤ ਸਿੰਘ ਜੀ ਦੇ ਤੀਰ ਕਈਆਂ ਦੇ ਪ੍ਰਾਣ ਲੈ ਗਏ। ਸਾਹਿਬਜ਼ਾਦੇ ਨੇ ਲੰਮੀ ਆਵਾਜ਼ ਵਿੱਚ ਗਰਜ ਕੇ ਵੈਰੀ ਦਲ ਨੂੰ ਲਲਕਾਰਾ



www.AKJ.Org

ਮਾਰ ਕੇ ਆਖਿਆ, ਮੇਰੇ ਸਾਹਮਣੇ ਉਹ ਆਏ ਜਿਸ ਦੇ ਦਿਲ ਵਿੱਚ ਲੜਨ ਦੇ ਅਰਮਾਨ ਹਨ, ਉਹ ਆਪਣਾ ਚਾਅ ਲਾਹ ਲਵੇ।

ਸਿੰਘਾਂ ਦੇ ਤੀਰਾਂ ਦੇ ਭੱਥੇ ਜਦੋਂ ਖਾਲੀ ਹੋ ਗਏ ਫਿਰ ਉਨ੍ਹਾਂ ਤਲਵਾਰਾਂ ਧੂਹ ਲਈਆਂ, ਵੈਰੀ ਦੇ ਪੜਛੇ ਲਾਹੁਣ ਲੱਗ ਪਏ। ਬਾਬਾ ਅਜੀਤ ਸਿੰਘ ਜੀ ਨੇਜ਼ੇ ਨਾਲ ਵੈਰੀਆਂ ਨੂੰ ਪਰੁੱਚਣ ਲੱਗ ਪਏ। ਵੈਰੀ ਦਲ ਦੇ ਸਰਦਾਰ ਤੋਬਾ ਕਰ ਉਠੇ।

ਇਕ ਮੁਗਲ ਸਰਦਾਰ ਜਿਸ ਨੇ ਸੰਜੋਅ ਪਾਈ ਹੋਈ ਸੀ, ਬਾਬਾ ਜੀ ਵੱਲ ਨੂੰ ਭੱਜ ਕੇ ਹਮਲਾ ਕੀਤਾ। ਸਾਹਿਬਜ਼ਾਦੇ ਨੇ ਮੁਗਲ ਸਰਦਾਰ ਦੇ ਸੀਨੇ ਵਿਚ ਜ਼ੋਰ ਦੀ ਨੇਜ਼ਾ ਮਾਰਿਆ, ਨੇਜ਼ਾ ਵਿਚੇ ਧਸ ਗਿਆ, ਵਾਪਸ ਖਿਚਣ ਵੇਲੇ ਨਾ ਨਿਕਲਿਆ। ਬਾਬਾ ਜੀ ਨੇ ਤਲਵਾਰ ਧੂਹ ਲਈ ਤੇ ਘੋੜ ਸੁਆਰ ਮੁਗਲਾਂ ਉਤੇ ਵਾਢੀ ਪਾ ਦਿੱਤੀ। ਪਿਤਾ ਆਪਣੇ ਪੁੱਤਰ ਦੇ ਕਰਤਬ ਗੜ੍ਹੀ ਉਪਰੋਂ ਵੇਖ ਰਿਹਾ ਸੀ।

ਕਲਗੀਧਰ ਦਾ ਸ਼ੇਰ ਅੰਮ੍ਰਿਤ ਦਾ ਮੁੱਲ ਦੇ ਰਿਹਾ ਸੀ। ਸ਼ੇਰ ਨੂੰ ਬੁੱਕਦਾ ਵੇਖ ਹਾਥੀ ਝੂਲਣੋਂ ਰਹਿ ਗਏ ਸਨ। ਸਾਹਿਬਜ਼ਾਦੇ ਨਾਲ ਆਇਆ ਅੱਠ ਸਿੰਘਾਂ ਦਾ ਜਥਾ ਸ਼ਹਾਦਤਾਂ ਦੇ ਬਾਟੇ ਪੀ ਗਿਆ ਸੀ।

ਇਕ ਮੁਗਲ ਸਰਦਾਰ ਨੇ ਤੈਸ਼ ਖਾ ਕੇ ਭੱਜ ਕੇ ਬਾਬਾ ਜੀ ਉੱਤੇ ਵਾਰ ਕਰ ਦਿੱਤਾ। ਬਾਬਾ ਜੀ ਨੇ ਬੜੀ ਫੁਰਤੀ ਨਾਲ ਵਾਰ ਬਚਾ ਲਿਆ। ਘੋੜਾ ਆਪ ਦਾ ਜ਼ਖਮੀ ਹੋ ਗਿਆ। ਹੁਣ ਆਪ ਪੈਦਲ ਹੋ ਲਏ ਸਨ। ਵਾਢੀ ਪਾਈ ਜਾ ਰਹੇ ਸਨ। ਸਾਹਿਬਜ਼ਾਦੇ ਨੂੰ ਪੈਦਲ ਵੇਖ ਤੁਰਕਾਂ ਨੇ ਘੇਰਾ ਪਾ ਲਿਆ। ਤੁਰਕ ਦਲ ਦੇ ਇਕ ਵੱਡੇ ਭਾਰੇ ਦਸਤੇ ਨੇ ਮਿਲ ਕੇ ਬਾਬਾ ਜੀ ਉੱਤੇ ਇਕੱਠਿਆਂ ਹੋ ਕੇ ਹੱਲਾ ਬੋਲ ਦਿਤਾ। ਆਪ ਜੀ ਸ਼ਹਾਦਤ ਦਾ ਜ਼ਾਮ ਪੀ ਕੇ ਸਦਾ ਵਾਸਤੇ ਚਮਕੌਰ ਦੀ ਧਰਤੀ ਵਿਚ ਲੇਟ ਗਏ। ਚੜ੍ਹਦੀਆਂ ਕਲਾ ਦੇ ਮਾਲਕ ਦੁਸ਼ਟ ਦਮਨ ਦਸਮੇਸ਼ ਪਿਤਾ ਨੇ ਪੁੱਤਰ ਦੀ ਸ਼ਹਾਦਤ ਅੱਖੀਂ ਵੇਖ ਕੇ ਫ਼ਤਹ ਦਾ ਜੈਕਾਰਾ ਛਡਿਆ।

**ਸਾਹਿਬਜ਼ਾਦੇ ਜੁਝਾਰ ਸਿੰਘ ਦਾ ਜਾਨ ਉਤੇ ਖੇਡਣਾ**

ਛੋਟੇ ਭਰਾ ਬਾਬਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਭਰਾ ਦੀ ਸ਼ਹਾਦਤ ਅੱਖੀਂ ਵੇਖੀ ਸੀ। ਹੁਣ ਜੁਝਾਰ ਸਿੰਘ ਨੂੰ ਵੀ ਜੋਸ਼ ਆ ਗਿਆ। ਆਖਰ ਉਨ੍ਹਾਂ ਵੀ ਉਸ ਖੰਡੇ ਦਾ ਅੰਮ੍ਰਿਤ ਛਕਿਆ ਸੀ ਜਿਸ ਦਾ ਬਾਬਾ ਅਜੀਤ ਸਿੰਘ ਜੀ ਨੇ। ਗੁਰਦੇਵ ਸਾਹਿਬਜ਼ਾਦੇ ਦਾ ਸ਼ੇਰ ਦਿਲ ਵੇਖ ਕੇ ਬਹੁਤ ਖੁਸ਼ ਹੋਏ। ਪੰਜਾਂ ਪਿਆਰਿਆਂ ਵਿਚੋਂ ਭਾਈ ਸਾਹਿਬ ਸਿੰਘ ਜੀ ਤੇ ਭਾਈ ਹਿੰਮਤ ਸਿੰਘ ਜੀ ਨੂੰ ਸਾਹਿਬਜ਼ਾਦੇ ਦੇ ਨਾਲ ਜੰਗ ਵਿਚ ਟੋਰਿਆ। ਬਾਬਾ ਜੁਝਾਰ ਸਿੰਘ ਜੀ ਦੀ ਆਯੂ ਇਸ ਵੇਲੇ ਸਿਰਫ਼ ਚੌਦਾਂ ਸਾਲ ਅੱਠ ਮਹੀਨੇ ਸੀ। ਜੁਝਾਰ ਸਿੰਘ ਦੇ ਹਵੇਲੀ ਤੋਂ ਬਾਹਰ ਨਿਕਲਣ ਸਾਰ ਹੀ ਮੈਦਾਨ ਭਖ ਗਿਆ। ਤੁਰਕਾਂ ਦੇ ਹੌਸਲੇ ਵੀ ਵਧੇ ਹੋਏ ਪਰਤੀਤ ਹੁੰਦੇ ਸਨ। ਲੋਥਾਂ ਉਤੇ ਲੋਥਾਂ ਚੜ੍ਹ ਗਈਆਂ। ਜਿਥੇ ਵੀ ਸਾਹਿਬਜ਼ਾਦੇ ਦਾ ਨੇਜ਼ਾ ਵੱਜਦਾ ਵੈਰੀਆਂ ਦੇ ਸੀਨੇ ਚੀਰਦਾ ਚਲਾ ਜਾਂਦਾ।

ਤੁਰਕ ਦਲ ਨੇ ਘੇਰਾ ਬਹੁਤ ਸੌੜਾ ਕਰ ਦਿਤਾ ਸੀ। ਹਿੰਮਤ ਸਿੰਘ ਬਾਜ਼ਾਂ ਵਾਂਗ ਝਪਟੇ। ਦਸਤੇ ਦਾ ਦਸਤਾ ਜ਼ਖਮੀ ਕਰ ਦਿਤਾ। ਦਸਮੇਸ਼ ਜੀ ਨੇ ਵੇਖਿਆ ਕਿ ਸਾਹਿਬਜ਼ਾਦੇ ਦੁਆਲੇ ਤੁਰਕਾਂ ਨੇ ਘੇਰਾ ਪਾ ਲਿਆ ਹੈ, ਉਹਨਾਂ ਨੇ ਹਵੇਲੀ ਤੋਂ ਤੀਰ ਛੱਡੇ। ਸਤਿਗੁਰਾਂ ਦੇ ਤੀਰ ਨੇ ਕਈ ਤੁਰਕ ਸਰਦਾਰਾਂ ਦੇ ਸੀਰਮੇ ਪੀ ਲਏ। ਪੰਜ ਛੇ ਕੁ ਲੱਖਾਂ ਦੇ ਸਾਹਮਣੇ ਕਿੰਨਾ ਕੁ ਚਿਰ ਲੜ ਸਕਦੇ ਸਨ ? ਪਰੰਤੂ ਉਹਨਾਂ ਨੇ ਸਾਬਤ ਕਰ ਦਿਤਾ ਕਿ ਇਕ ਇਕ ਸਿੰਘ ਸਵਾ ਲੱਖ ਨਾਲ ਜੂਝ ਸਕਦਾ ਹੈ। ਜੁਝਾਰ ਸਿੰਘ ਜੀ ਤੁਰਕ ਦਲ ਵਿਚ ਇਸ ਤਰ੍ਹਾਂ ਫਿਰ ਰਹੇ ਸਨ ਜਿਵੇਂ ਮਗਰਮੱਛ ਮੱਛੀਆਂ ਦੀ ਭਾਲ ਵਿਚ ਸਮੁੰਦਰ ਵਿੱਚ ਭੱਜਾ ਫਿਰਦਾ ਹੁੰਦਾ ਹੈ। ਆਖਰ ਬਾਬਾ ਜੀ ਅਜਿਹੇ ਭਿਆਨਕ ਘੇਰੇ ਵਿਚ ਆਏ ਕਿ ਵਾਪਸ ਬਾਹਰ ਨਾ ਮੁੜ ਸਕੇ। ਸ਼ਹਾਦਤ ਪਾ ਕੇ ਵੱਡੇ ਭਰਾ ਨਾਲ ਜਾ ਮਿਲੇ।

**ਕਲਗੀਧਰ ਜੀ ਦੀ ਆਪ ਜੁਝ ਕੇ ਸ਼ਹਾਦਤ ਦੇਣ ਦੀ ਪ੍ਰਤਿੱਗਿਆ**

ਗੜ੍ਹੀ ਅੰਦਰ ਗਿਣਤੀ ਦੇ ਸਿੰਘ ਰਹਿ ਗਏ ਸਨ। ਗੁਰੂ ਜੀ ਨੇ ਆਖਿਆ, ਮੈਂ ਜਥਾ ਲੈ ਕੇ ਜਾਵਾਂਗਾ। ਇਹ ਉਹਨਾਂ ਦਾ ਅਗਲੇ ਦਿਨ ਦਾ ਪਰੋਗਰਾਮ ਸੀ। ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹੜੇ ਦੀ ਜੋਸ਼ ਟੁੰਬ ਤਕਰੀਰ ਕੀਤੀ– *'ਸਿੰਘੋ ਸਾਡੇ ਖੂਨ ਦਾ ਇਕ ਇਕ ਤੁਪਕਾ ਵੀ ਵਿਅਰਥ ਨਹੀਂ ਜਾਵੇਗਾ। ਵੈਰੀ ਤੁਰਕ ਦਲ ਤੋਂ ਸਾਡਾ ਖੂਨ ਜਦੋਂ ਤੀਕ ਧਰਤੀ ਅਕਾਸ਼ ਮੌਜੂਦ ਹਨ ਬਦਲਾ ਲੈਂਦਾ ਰਹੇਗਾ। ਮੈਂ ਆਪਣੀ ਸ਼ਹਾਦਤ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹਾਂ।'*

ਸਿੰਘਾਂ ਨੇ ਬਥੇਰਾ ਜ਼ੋਰ ਲਾਇਆ ਕਿ ਸਤਿਗੁਰੂ ਜੀ ਸ਼ਹੀਦ ਨਾ ਹੋਣ, ਉਹਨਾਂ ਦੀ ਸ਼ਹਾਦਤ ਪੰਥ ਲਈ ਹਾਨੀਕਾਰਕ ਸਿੱਧ ਹੋਵੇਗੀ, ਅਜੇ ਉਹਨਾਂ ਨੇ ਬੜੇ ਕੰਮ ਮੁਕਾਉਣੇ ਹਨ। ਜੇਕਰ ਗੁਰੂ ਜੀ ਜਿਊਂਦੇ


www.AKJ.Org

ਰਹੇ ਫਿਰ ਤਾਂ ਪੰਥ ਨੂੰ ਪੈਦਾ ਕਰ ਸਕਣਗੇ, ਜੇਕਰ ਹੁਣੇ ਜੂਝ ਗਏ, ਪੰਥ ਨੂੰ ਮੁੜ ਜਗਾਉਣਾ ਔਖਾ ਹੋ ਜਾਵੇਗਾ ਤੇ ਪੰਥ ਦਾ ਇਕੱਠ ਬਿਖਰ ਜਾਵੇਗਾ। ਪਰੰਤੂ ਫੌਲਾਦੀ ਗੁਰੂ ਜੀ ਆਪਣੇ ਫੈਸਲੇ ਦੇ ਦ੍ਰਿੜ੍ਹ ਰਹੇ। ਉਹਨਾ ਕਿਹਾ ਮੈਂ ਸ਼ਹਾਦਤ ਦੇਵਾਂਗਾ। ਦਸ ਕੁ ਸਿੰਘ ਬਾਕੀ ਰਹਿੰਦੇ ਸਨ। ਭਾਈ ਦਇਆ ਸਿੰਘ ਜੀ ਨੇ ਪੰਜਾਂ ਪਿਆਰਿਆਂ ਦਾ ਇਕੱਠ ਬੁਲਾਇਆ। ਪੰਥ ਦੇ ਵਾਲੀ ਨੂੰ ਹਵੇਲੀ ਛੱਡ ਕੇ ਚਲੇ ਜਾਣ ਲਈ ਹੁਕਮ ਦੇ ਦਿਤਾ। ਪੰਥ ਦਾ ਵਾਲੀ ਕਿਵੇਂ ਮੋੜ ਸਕਦਾ ਸੀ ? ਗੁਰੂ ਤੇ ਚੇਲਾ ਆਪਣੇ ਆਪ ਹੀ ਸਤਿਗੁਰਾਂ ਨੇ ਪੰਥ ਦੇ ਹੁਕਮ ਅਗੇ ਸਿਰ ਝੁਕਾਇਆ ਤੇ ਆਖਿਆ :- *'ਤੁਹਾਡਾ ਹੁਕਮ ਮੰਨਕੇ ਮੈਂ ਹਵੇਲੀ ਤਾਂ ਛਡ ਜਾਵਾਂਗਾ. ਪਰੰਤੂ ਮੈਂ ਵੈਰੀ ਨੂੰ ਲਲਕਾਰ ਮਾਰ ਕੇ ਬਾਹਰ ਨਿਕਲਾਂਗਾ।'*

ਸਤਿਗੁਰਾਂ ਨੇ ਆਪਣੇ ਨਾਲ ਤਿੰਨ ਸਿੰਘ ਲੈ ਲਏ, ਭਾਈ ਮਾਨ ਸਿੰਘ ਜੀ, ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ। ਗੜ੍ਹੀ ਵਿੱਚ ਬਾਕੀ ਸੱਤ ਸਿੰਘ ਭਾਈ ਜੀਵਨ ਸਿੰਘ, ਭਾਈ ਲੱਧਾ ਸਿੰਘ, ਭਾਈ ਰਾਮ ਸਿੰਘ, ਭਾਈ ਦੇਵਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਕੇਹਰ ਸਿੰਘ, ਭਾਈ ਸੰਗਤ ਸਿੰਘ ਰਹਿ ਗਏ ਸਨ। ਇਹਨਾਂ ਸੱਤਾਂ ਵਿਚੋਂ ਭਾਈ ਸੰਗਤ ਸਿੰਘ ਜੀ ਦੀ ਸ਼ਕਲ ਗੁਰੂ ਜੀ ਨਾਲ ਰਲਦੀ ਸੀ। ਸੋ ਸਤਿਗੁਰਾਂ ਨੇ ਆਪਣੇ ਮੁਹਾਂਦਰੇ ਵਾਲੇ ਸੰਗਤ ਸਿੰਘ ਨੂੰ ਪੁਸ਼ਾਕਾ ਪਹਿਨਾ ਕੇ ਕਲਗੀ ਵੀ ਸਜਾ ਦਿੱਤੀ।

ਅਧੀ ਕੁ ਰਾਤ ਜਦੋਂ ਬੀਤ ਗਈ, ਦਸਮੇਸ਼ ਜੀ ਨੇ ਬੁਰਜ ਉਤੇ ਖਲੋ ਕੇ ਨਰਸਿੰਙਾ ਵਜਾਇਆ ਜਿਸਤੋਂ ਸਪਸ਼ਟ ਸੀ ਕਿ ਹਮਲਾ ਹੋਣ ਲੱਗਾ ਹੈ। ਹਵੇਲੀ ਦੀ ਬਾਹਰਲੀ ਕੰਧ ਸਤਿਗੁਰੂ ਜੀ ਛਾਲ ਮਾਰ ਕੇ ਟੱਪ ਗਏ। ਬਾਕੀ ਸਿੰਘਾਂ ਨੂੰ ਮਿਥੇ ਵਕਤ ਅਨੁਸਾਰ ਪਿੱਛੇ ਆਉਣ ਲਈ ਕਿਹਾ। ਹਨ੍ਹੇਰੇ ਵਿਚੋਂ ਦੀ ਲੋਥਾਂ ਨੂੰ ਚੀਰਦੇ ਹੋਏ ਇੱਕ ਉਚੇ ਟਿੱਬੇ ਉਤੇ ਸਤਿਗੁਰੂ ਜੀ ਜਾ ਖਲੋਤੇ। ਮੁਗਲ ਕੈਂਪ ਵਿਚ ਸ਼ੋਰ ਮੱਚ ਗਿਆ ਸੀ। ਵੈਰੀ ਦੇ ਕਈ ਬੰਦੇ ਦਸਮੇਸ਼ ਜੀ ਵੱਲ ਨੂੰ ਵਧੇ। ਮਿਸਾਲਚੀ ਮਿਸਾਲ ਜਗਾਈ ਆ ਰਿਹਾ ਸੀ। ਸਤਿਗੁਰਾਂ ਨੇ ਉਸਦੀ ਹਥੇਲੀ ਦੀ ਸੇਧ ਰੱਖ ਕੇ ਅਜੇਹਾ ਤੀਰ ਛੋਡਿਆ ਕਿ ਉਸ ਦੀ ਮਿਸਾਲ ਭੁੰਞੇ ਆ ਪਈ।

ਗੁਰੂ ਜੀ ਦਿਨ ਚੜ੍ਹਦੇ ਤੀਕਰ ਛੇ ਸਤ ਕੁ ਮੀਲ ਨਿਕਲ ਗਏ ਸਨ। ਸਤਿਗੁਰਾਂ ਦੇ ਮਗਰ ਮਗਰ ਉਨ੍ਹਾਂ ਦੇ ਤਿੰਨ ਸਾਥੀ (ਭਾਈ ਮਾਨ ਸਿੰਘ ਜੀ, ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ) ਉਨ੍ਹਾਂ ਦੀ ਭਾਲ ਵਿਚ ਆ ਰਹੇ ਸਨ। ਅਕਾਸ਼ ਦੇ ਤਾਰਿਆਂ ਦੀ ਸੇਧ ਅਨੁਸਾਰ ਸਿੰਘ ਹਨ੍ਹੇਰੀ ਰਾਤ ਵਿੱਚ ਸਫਰ ਕਰ ਰਹੇ ਸਨ, ਚੱਪਾ ਚੱਪਾ ਦੁਸ਼ਮਣ ਨੇ ਮੱਲਿਆ ਹੋਇਆ ਸੀ, ਕਿਸੇ ਵੀ ਵੇਲੇ ਖਤਰਾ ਵਿਆਪ ਸਕਦਾ ਸੀ, ਰਸਤੇ ਵਿੱਚ ਹਨ੍ਹੇਰਾ ਘੁੱਪ ਤੇ ਝਾੜੀਦਾਰ ਜੰਗਲ ਸੀ। ਦਸਮੇਸ਼ ਜੀ ਵੀ ਸਿੰਘਾਂ ਵਾਂਗ ਭੁਖਣ ਭਾਣੇ ਇਕ ਅਕਾਲ ਦੀ ਓਟ ਰਖ ਕੇ ਪੈਂਡਾ ਮਾਰ ਰਹੇ ਸਨ। ਅੰਨ ਪਾਣੀ ਛਕਿਆਂ ਅੱਠ ਪਹਿਰ ਲੰਘ ਚੁੱਕੇ ਸਨ। ਮਾਲਵੇ ਵਿੱਚ ਨਿਕਲ ਜਾਣਾ ਉਨ੍ਹਾਂ ਠੀਕ ਸਮਝਿਆ। ਮਾਝੇ ਵੱਲ ਜਾਣ ਲਈ ਰਸਤੇ ਵਿਚ ਸਤਲੁਜ ਦਰਿਆ ਪੈਂਦਾ ਸੀ। ਚਮਕੌਰ ਤੋਂ ਦਖਣ ਪੂਰਬ ਵੱਲ ਮੁਗਲ ਫੌਜਾਂ ਸਨ ਤੇ ਇਸ ਦੇ ਨੇੜੇ ਹੀ ਮੁਗਲ ਸਾਮਰਾਜ ਦਾ ਗੜ੍ਹ ਸਰਹੰਦ ਸੀ। ਕੇਵਲ ਸਤਲੁਜ ਦਰਿਆ ਦੇ ਨਾਲ ਨਾਲ ਦਾ ਜੰਗਲ ਤੇ ਬੇਟ ਦਾ ਇਲਾਕਾ ਮਹਿਫੂਜ ਸੀ ਜਿਧਰ ਨੂੰ ਸਤਿਗੁਰੂ ਜਾ ਰਹੇ ਸਨ। ਦਿਨ ਚੜ੍ਹ ਜਾਣ ਨਾਲ ਸਫਰ ਕਰਨਾ ਹੋਰ ਵੀ ਡਾਢਾ ਖਤਰੇ ਭਰਿਆ ਸੀ। ਦਿਨ ਵਿਚ ਪਛਾਣੇ ਜਾਣ ਦਾ ਡਰ ਸੀ, ਪਹੁ ਫੁਟਣ ਤੇ ਆ ਗਈ ਸੀ, ਦੁਸ਼ਟ-ਦਮਨ ਸੰਤ ਸਿਪਾਹੀ ਮਾਛੀਵਾੜੇ ਦੇ ਕੋਲ ਪੁੱਜ ਚੁੱਕੇ ਸਨ। ਪਿੰਡ ਦੀ ਵਸੋਂ ਬਾਹਰ ਜੰਗਲ ਤੇ ਬਾਗ ਸੀ। ਝਾੜ ਬੜੇ ਸੰਘਣੇ ਸਨ। ਸਤਿਗੁਰੂ ਜੀ ਦੋ ਦਿਨ ਦੋ ਰਾਤਾਂ ਦੇ ਲਗਾਤਾਰ ਲੜਦੇ ਆ ਰਹੇ ਸਨ ਤੇ ਥੱਕੇ ਟੁੱਟੇ ਸਨ, ਸੋ ਝਾੜਾਂ ਵਿੱਚ ਆਰਾਮ ਕਰਨ ਲਈ ਲੇਟ ਗਏ। ਇੱਕ ਟਿੰਡ ਦਾ ਸਿਰਹਾਣਾ ਜਿਹਾ ਬਣਾ ਲਿਆ। ਪੂਰਾ ਇਕ ਦਿਨ ਤੇ ਇਕ ਰਾਤ ਦਸਮੇਸ਼ ਜੀ ਝਾੜਾਂ ਵਿਚ ਹੀ ਸੁਤੇ ਪਏ ਰਹੇ। ਜਦੋਂ ਅਗਲਾ ਦਿਨ ਚੜ੍ਹਿਆ ਬਾਗ ਦਾ ਰਾਖਾ ਉਥੇ ਪੁੱਜਾ। ਉਸ ਨੇ ਬਾਗ ਦੇ ਮਾਲਕ ਗੁਲਾਬੇ ਨੂੰ ਦਸਿਆ ਕਿ ਕੋਈ ਜੰਗਜੂ ਸਿਪਾਹੀ ਉਥੇ ਲੇਟਿਆ ਹੈ। ਗੁਲਾਬਾ ਆ ਗਿਆ। ਉਸ ਨੇ ਸਤਿਗੁਰਾਂ ਨੂੰ ਪਛਾਣ ਲਿਆ। ਸਤਿਗੁਰਾਂ ਤੋਂ ਖਿਮਾ ਮੰਗੀ। ਬੜੀ ਆਓ ਭਗਤ ਕੀਤੀ। ਗੁਲਾਬਾ ਸਤਿਗੁਰੂ ਜੀ ਨੂੰ ਆਪਣੇ ਚੁਬਾਰੇ ਵਿੱਚ ਲੈ ਗਿਆ। ਗੁਰੂ ਜੀ ਨੇ ਕਮਰਕਸਾ ਖੋਲ੍ਹਿਆ, ਹੱਥ ਮੂੰਹ ਧੋਤਾ ਤੇ ਦੁਧ ਦਾ ਛੰਨਾ ਛਕਿਆ। ਪਿੱਛਾ ਕਰਦੇ ਹੋਏ ਤ੍ਰੈ ਸਿੰਘ ਸਤਿਗੁਰਾਂ ਨੂੰ ਜਦੋਂ ਉਹ ਝਾੜਾਂ ਵਿਚ ਲੇਟੇ ਹੋਏ ਸਨ, ਮਿਲ ਪਏ ਸਨ। ਬਾਗ ਦੇ ਰਾਖੇ ਨੇ ਉਨ੍ਹਾਂ ਨੂੰ ਦੱਸ ਪਾ ਦਿਤੀ ਕਿ ਤੁਹਾਡੇ ਵਰਗਾ ਇਕ ਸ਼ਸ਼ਤਰਧਾਰੀ ਸੂਰਮਾ ਇੱਧਰ ਨੂੰ ਆਇਆ ਹੈ ਤੇ ਸਾਹਮਣੇ ਝਾੜਾਂ ਵਿੱਚ ਘੂਕ ਸੁੱਤਾ ਪਿਆ ਹੈ। ਆਰਾਮ ਕਰ ਰਹੇ ਸਤਿਗੁਰਾਂ ਦੇ ਸਿੰਘਾਂ ਨੇ ਪੈਰ ਫੜ ਲਏ। ਸਤਿਗੁਰੂ ਜੀ ਦਾ ਹੱਥ ਤੀਰਾਂ ਦੇ ਭੱਥੇ ਤੇ ਗਿਆ, ਭਾਈ ਦਇਆ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਕੋਲ ਖਲੋਤੇ ਸਨ। ਸਿੰਘਾਂ ਨੂੰ ਗੁਰੂ ਜੀ ਦੇ ਮਿਲਣ ਦੀ ਜੋ ਖੁਸ਼ੀ ਹੋਈ ਉਹ ਕਲਮ ਬਿਆਨ ਨਹੀਂ ਕਰ ਸਕਦੀ। * * * * *



www.AKJ.Org

# ਅਉਖਧ ਆਏ ਰਾਸਿ ਵਿਚਿ ਆਪਿ ਖਲੋਇਆ।।

(ਪੰਨਾ ੧੩੬੩)

ਨਾਮ ਦੀ ਔਸ਼ਧੀ ਨਾਲ ਜਦੋਂ ਸ: ਅਵਤਾਰ ਸਿੰਘ ਜੀ ਰਾਜੀ ਹੋ ਕੇ ਆਪਣੇ ਦੋਸਤਾਂ ਨੂੰ ਮਿਲਣ ਲਾਹੌਰ ਗਏ ਤਾਂ ਸਾਰੇ ਹੀ ਦੋਸਤ-ਮਿੱਤਰ ਹੈਰਾਨ ਸਨ ਅਤੇ ਪੁੱਛ ਕੀਤੀ ਕਿ ਤੁਹਾਨੂੰ ਆਰਾਮ ਕਿਵੇਂ ਆਇਆ ? ਅਵਤਾਰ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਗੁਰਬਾਣੀ ਦੀ ਪਾਰਸ-ਕਲਾ ਦਾ ਉਹਨਾਂ ਅੱਗੇ ਪ੍ਰਗਟਾਵਾ ਕੀਤਾ ਅਤੇ ਸਾਰੀ ਵਿਥਿਆ ਦੱਸੀ।

ਭਾ: ਵਧਾਵਾ ਸਿੰਘ ਜੀ ਪਿੰਡ ਸੁਧਾਰ, ਜ਼ਿਲਾ ਲੁਧਿਆਣਾ ਅਤੇ ਭਾ: ਗੁਰਬਖਸ਼ ਸਿੰਘ ਜੀ ਪੁੱਤਰ ਸ: ਭਾਗ ਸਿੰਘ ਪਿੰਡ ਬਾਹਲੇ, ਜ਼ਿਲਾ ਹੁਸ਼ਿਆਰਪੁਰ ਜੋ ਐਫ. ਸੀ. ਕਾਲਜ ਲਾਹੌਰ ਪੜ੍ਹਦੇ ਸਨ, ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਬਾਬਾ ਹਰਨਾਮ ਸਿੰਘ ਜੀ ਨੂੰ ਮਿਲਣ 119 ਚੱਕ (ਸਰਗੋਧੇ) ਆਏ ਅਤੇ ਗੁਰਮਤਿ ਪ੍ਰਥਾਇ ਬਾਬਾ ਜੀ ਨਾਲ ਵਿਚਾਰ ਵਟਾਂਦਰਾ ਕੀਤਾ। ਦੋਵਾਂ ਨੇ ਬਾਬਾ ਜੀ ਦੀ ਸ਼ਖਸੀਅਤ ਦਾ ਪ੍ਰਭਾਵ ਕਬੂਲਿਆ ਅਤੇ ਗੁਰਸਿੱਖੀ ਵੱਲ ਪ੍ਰੇਰਤ ਹੋ ਕੇ ਗੁਰਬਾਣੀ ਪੜ੍ਹਨ ਲੱਗ ਪਏ।

ਸ: ਵਧਾਵਾ ਸਿੰਘ ਦੇ ਪਰਿਵਾਰ ਵਿਚੋਂ ਭਾਈ ਸ਼ੇਰ ਸਿੰਘ ਪੁੱਤਰ ਸ: ਸੁੰਦਰ ਸਿੰਘ ਜੀ ਅਕਸਰ ਬੀਮਾਰ ਰਹਿੰਦੇ ਸਨ। ਸ: ਵਧਾਵਾ ਸਿੰਘ ਜੀ ਨੇ ਭਾ: ਸ਼ੇਰ ਸਿੰਘ ਜੀ ਨੂੰ ਸ: ਅਵਤਾਰ ਸਿੰਘ ਜੀ ਦੇ ਗੁਰਬਾਣੀ ਨਾਲ ਰਾਜ਼ੀ ਹੋਣ ਦੀ ਵਿਥਿਆ ਦੱਸੀ।

ਭਾਈ ਸ਼ੇਰ ਸਿੰਘ ਜੀ ਨੇ ਭਾਈ ਵਧਾਵਾ ਸਿੰਘ ਹੋਰਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਵੀ ਬਾਬਾ ਜੀ ਪਾਸ ਹੀ ਲੈ ਚੱਲੋ ਤਾਂ ਜੋ ਮੈ ਵੀ, ਜਿਵੇ ਬਾਬਾ ਜੀ ਕਹਿਣ ਉਸ ਸਾਧਨ ਨੂੰ ਆਪਣਾਅ ਕੇ ਅਰੋਗ ਹੋ ਜਾਂਵਾ। ਭਾਈ ਵਧਾਵਾ ਸਿੰਘ ਜੀ ਆਪਣੇ ਚਾਚੇ (ਭਾ: ਸ਼ੇਰ ਸਿੰਘ) ਹੋਰਾਂ ਨੂੰ ਨਾਲ ਲੈ ਕੇ 119 ਚੱਕ ਸਰਗੋਧੇ ਪੁੱਜੇ। ਰਾਤ ਬਾਬਾ ਜੀ ਪਾਸ ਰਹੇ ਤੇ ਭਾ: ਸ਼ੇਰ ਸਿੰਘ ਜੀ ਨੇ ਆਪਣੀ ਸਾਰੀ ਵਿਥਿਆ ਦੱਸੀ। ਬਾਬਾ ਜੀ ਨੇ ਕਿਹਾ ਕਿ ਤੁਸੀਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਓਟ ਲਵੋ। ਗੁਰੂ ਸਾਹਿਬ ਸਰੀਰਕ ਰੋਗ ਤਾਂ ਕੀ ਗੁਰਸਿੱਖ ਦੇ ਆਤਮਕ ਰੋਗ ਵੀ ਕਟ ਕੇ ਲੋਕ ਪ੍ਰਲੋਕ ਦੋਵੇਂ ਸਵਾਰ ਦਿੰਦੇ ਹਨ। ਦਿਨ ਨੀਯਤ ਕਰ ਕੇ ਲਾਹੌਰ ਸਦਰ ਬਜ਼ਾਰ ਦੇ ਗੁਰਦੁਆਰੇ ਵਿਚ ਭਾ: ਸ਼ੇਰ ਸਿੰਘ ਜੀ ਅਤੇ ਕਈ ਹੋਰ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕਰ ਲਿਆ। ਉਸੇ ਦਿਨ ਹੀ ਸ: ਵਧਾਵਾ ਸਿੰਘ ਤੇ ਬਾਕੀ ਪਰਿਵਾਰ ਨੇ ਵੀ ਗੁਰੂ ਮਹਾਰਾਜਾ ਜੀ ਦੀ ਸ਼ਰਨ ਨੂੰ ਪ੍ਰਾਪਤ ਕੀਤਾ।

ਭਾਈ ਸ਼ੇਰ ਸਿੰਘ ਜੀ ਬਿਲਕੁਲ ਅਨਪੜ੍ਹ ਸਨ। ਇਹਨਾਂ ਨੂੰ ਨਿੱਤਨੇਮ ਦੀ ਜਗ੍ਹਾ ਮੂਲ-ਮੰਤਰ ਦੀਆਂ ਮਾਲਾਂ ਕਰਨ ਦਾ ਪੰਜਾਂ ਪਿਆਰਿਆਂ ਵਲੋਂ ਹੁਕਮ ਮਿਲਿਆ ਅਤੇ ਸਰੀਰਕ ਅਰੋਗਤਾ ਲਈ ਗੁਰੂ-ਘਰ ਵਿਚ ਝਾੜੂ ਫੇਰਨ ਦੀ ਸੇਵਾ ਲਾਈ ਗਈ। ਆਪ ਜੀ (ਭਾ: ਸ਼ੇਰ ਸਿੰਘ) ਥੋੜ੍ਹੇ ਦਿਨ ਲਹੌਰ ਰਹਿਣ ਉਪ੍ਰੰਤ ਵਾਪਸ ਆਪਣੇ ਨਗਰ ਸੁਧਾਰ ਵਿਖੇ ਆ ਕੇ ਪੰਜਾਂ ਪਿਆਰਿਆਂ ਪਾਸੋਂ ਮਿਲੀ ਸਿਖਿਆ ਨੂੰ ਪੂਰਨ ਤੌਰ ਤੇ ਜੀਵਨ ਵਿਚ ਘਟਾਉਣ ਲੱਗ ਪਏ। ਕਾਫ਼ੀ ਤੜਕੇ ਉੱਠ ਕੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਜਾ ਕੇ ਗੁਰੂ ਦਰਬਾਰ ਵਿਚ ਝਾੜੂ ਦੀ ਸੇਵਾ ਕਰਦੇ, ਉਪਰੰਤ ਉਥੇ ਹੀ ਬੈਠ ਕੇ ਮੂਲ-ਮੰਤਰ ਦੀਆਂ ਮਾਲਾ ਜੋ ਨਿੱਤਨੇਮ ਦੇ ਰੂਪ 'ਚ ਮਿਲੀਆਂ ਸਨ, ਪੂਰੀਆਂ ਕਰਦੇ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਵਾਕ ਸਰਵਣ ਕਰਨ ਉਪਰੰਤ ਵਾਪਸ ਘਰ ਆ ਕੇ ਆਰਾਮ ਕਰਦੇ। ਲੰਮੇ ਪਿਆਂ ਵੀ ਗੁਰਮੰਤ੍ਰ ਦਾ ਜਾਪ ਕਰੀ ਜਾਂਦੇ। ਗੁਰੂ-ਮੇਹਰ ਨਾਲ ਐਸੀ ਲਗਨ ਲੱਗੀ ਕਿ ਦੁਨਿਆਵੀਂ ਪਾਸੇ ਸਾਰੇ ਹੀ ਭੁੱਲ ਗਏ ਅਤੇ ਗੁਰਮੰਤ੍ਰ ਤੇ ਮੂਲ-ਮੰਤਰ ਨਾਲ ਆਤਮਾ ਨੂੰ ਸੁਰ ਕਰ ਲਿਆ। ਛੇ ਕੁ ਮਹੀਨੇ ਬਾਅਦ ਤੜਕਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ (ਭਾ: ਸ਼ੇਰ ਸਿੰਘ) ਨੂੰ ਦਰਸ਼ਨ ਦਿੱਤੇ ਅਤੇ ਬਚਨ ਕੀਤਾ ਕਿ ਸ਼ੇਰ ਸਿੰਘ ! ਲੁਧਿਆਣੇ ਪੁਰਾਣੇ ਸ਼ਹਿਰ ਵਿੱਚ ਹਰਨਾਮ ਸਿੰਘ ਨਾਉਂ ਦਾ ਇੱਕ ਹਕੀਮ ਹੈ, ਉਸ ਪਾਸ ਚਲਾ ਜਾਹ, ਉਹ ਤੈਨੂੰ ਰਾਜ਼ੀ ਕਰ ਦੇਵੇਗਾ।

ਦਿਨ ਦੇ ਚੜ੍ਹਾ ਨਾਲ ਪਰਵਾਰ 'ਚੋਂ ਕਿਸੇ ਨੂੰ ਨਾਲ ਲੈ ਕੇ ਆਪ ਜੀ, ਸਤਿਗੁਰੂ ਜੀ ਵਲੋਂ ਦਿੱਤੀ ਸੰਕੇਤ ਅਨੁਸਾਰ ਪੁੱਛਦੇ ਪੁਛਾਉਂਦੇ ਉਸ ਹਕੀਮ ਪਾਸ ਪੁੱਜ ਗਏ। ਉਸ ਨੇ ਸਾਰੀ ਹਾਲਤ ਪੁੱਛ ਕੇ ਕੁੱਝ ਦਿਨਾਂ ਦੀ ਦਵਾਈ ਦਿੱਤੀ, ਜਿਸ ਨਾਲ ਆਪ ਰਾਜ਼ੀ ਹੋ ਗਏ। ਪਹਿਲਾਂ ਵੀ ਆਪ ਜੀ ਅਨੇਕਾਂ ਦਵਾਈਆਂ ਵਰਤ ਚੁੱਕੇ ਸਨ ਜਿਨ੍ਹਾਂ ਨਾਲ ਭੋਰਾ ਜਿੰਨਾਂ ਵੀ ਫ਼ਰਕ ਨਹੀਂ ਸੀ ਪਿਆ।



www.AKJ.Org

ਇਹ ਤਾਂ ਮੇਰੇ ਸਤਿਗੁਰੂ ਦੀ ਮਿਹਰ ਦ੍ਰਿਸ਼ਟੀ ਸੀ। ਗੁਰੂ ਵਾਕ ਅਨੁਸਾਰ :

**ਅਉਖਧ ਕਰਿ ਥਾਕੀ ਬਹੁਤੇਰੇ।।**
**ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ।।**

(ਬਸੰਤ ਮ: ੧, ਪੰਨਾ ੧੧੮੯)

ਇਹ ਤਾਂ :

**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ।।**

(ਫੁਨਹੇ ਮ: ੫, ਪੰਨਾ ੧੩੬੩)

ਸਤਿਗੁਰੂ ਜੀ ਨੇ ਦਵਾਈ ਦਾ ਤਾਂ ਬਹਾਨਾ ਹੀ ਬਣਾਉਣਾ ਸੀ, ਆਰਾਮ ਤਾਂ ਉਹਨਾਂ ਦੀ ਦ੍ਰਿਸ਼ਟੀ ਨਾਲ ਹੀ ਆ ਚੁੱਕਾ ਸੀ। ਇਸ ਤੋਂ ਪਿੱਛੋਂ ਗੁਰੂ ਮਹਾਰਾਜ ਜੀ ਉੱਪਰ ਅਥਾਹ ਵਿਸ਼ਵਾਸ ਬੱਝ ਗਿਆ। ਗੁਰੂ ਮਿਹਰ ਨਾਲ ਸਰੀਰ ਅਰੋਗ ਹੋ ਚੁੱਕਾ ਸੀ। ਜਿਥੇ ਆਪ ਜੀ ਪੂਰੀ ਤਨ-ਦੇਹੀ ਜ਼ਿਮੀਂਦਾਰੇ ਦੇ ਸਾਰੇ ਕਾਰਜ ਕਰਦੇ, ਉਥੇ ਨਾਲੋਂ ਨਾਲ :

**ਊਠਤ ਬੈਠਤ ਸੋਵਤ ਧਿਆਈਐ**
**ਮਾਰਗਿ ਚਲਤਿ ਹਰੇ ਹਰਿ ਗਾਈਐ।।**

(ਆਸਾ ਮ: ੫, ਪੰਨਾ ੩੮੬)

ਦੀ ਲਾਹੇਬੰਦੀ ਕਾਰ ਕਰਦੇ ਤੇ ਹਮੇਸ਼ਾ ਜਾਚਨਾ ਕਰਦੇ ਕਿ ਹੇ ਸਤਿਗੁਰੂ ਜੀ:

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ।।**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਇਹੁ।।**

(ਸੂਹੀ ਮ: ੫, ਪੰਨਾ ੭੬੨)

ਆਪ ਜੀ ਸੰਸਾਰਕ ਜ਼ਿੰਮੇਵਾਰੀਆਂ ਪੂਰੀਆਂ ਕਰਦੇ, ਪਰ ਮਨ ਤਾਂ ਹੁਣ:

**ਕਾਹੇ ਏਕ ਬਿਨਾ ਚਿਤੁ ਲਾਈਐ।।**
**ਊਠਤ ਬੈਠਤ ਸੋਵਤ ਜਾਗਤ**
**ਸਦਾ ਸਦਾ ਹਰਿ ਧਿਆਈਐ।।**

(ਆਸਾ ਮ: ੩, ਪੰਨਾ ੩੭੯)

ਦਾ ਧਾਰਨੀ ਬਣ ਕੇ ਨਾਮ ਦੀ ਰਾਸ ਇਕੱਠੀ ਕਰਨ ਲਈ ਹਰ ਸਮੇਂ ਤਤਪਰ ਰਹਿੰਦਾ। ਨਾਮ-ਸਿਮਰਨ ਦੀ ਕਾਰ ਨੂੰ ਕਰਦਿਆਂ ਆਪ ਜੀ ਦੀ ਆਤਮਕ ਅਵਸਥਾ ਕਾਫ਼ੀ ਉਚੇਰੀ ਹੋ ਚੁੱਕੀ ਸੀ ਪਰ ਗੁਰੂ ਦਰਬਾਰ ਵਿਚ ਝਾੜੂ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ।

-ਭਾਈ ਸੇਵਾ ਸਿੰਘ ਜੀ ਰਾਮਪੁਰ ਖੇੜਾ।

* * * * *

# ਧੰਨ ਗੁਰੂ ਗੋਬਿੰਦ ਸਿੰਘ ਜੀ

(ਸੁਰਜੀਤ ਸਿੰਘ 'ਸਾਜਨ')

ਨਵੀ ਰੂਹ ਫੂੰਕ ਕੇ, ਮੁਰਦਿਆਂ ਚ, ਜਿੰਦ ਪਾਣ ਵਾਲਿਆ।
ਨਿਰਬਲ ਤੇ ਕਾਇਰ ਚਿੜੀਆਂ ਤੋਂ, ਬਾਜ਼ਾਂ ਨੂੰ ਤੁੜਾਣ ਵਾਲਿਆ।
ਜਿਸਦੀ ਭਾਲ ਵਿਚ, ਸਿੰਕਦਰ ਵਰਗੇ, ਪਿਆਸੇ ਹੀ ਤੁਰ ਗਏ,
ਮਿਹਰ ਕਰਕੇ, ਉਸ ਆਬਿਹਯਾਤ ਨੂੰ ਪਿਲਾਣ ਵਾਲਿਆ।
ਜਿਨ੍ਹਾਂ ਨੇ ਕਦੇ ਨੰਗੀ ਕਰਦ, ਹੱਥ ਨਹੀਂ ਫੜੀ ਸੀ,
ਉਹਨਾਂ ਦੇ ਹੱਥ ਤੇਜ ਸ਼ਮਸ਼ੀਰ ਨੂੰ, ਫੜਾਣ ਵਾਲਿਆ।
ਫਿਰ, ਬਖਸ਼ ਕੇ ਜਿਗਰੇ, ਫੌਲਾਦ ਵਰਗੇ, ਉਨ੍ਹਾਂ, ਨੂੰ,
ਸਵਾ-ਸਵਾ ਲੱਖ ਨਾਲ ਇੱਕ ਨੂੰ ਲੜਾਣ ਵਾਲਿਆ।
ਸੱਚ ! ਨੀਲੇ ਦੇ ਸ਼ਾਹ ਸਵਾਰਾ, ਅਨੋਖਾ ਸੀ ਤੇਜ ਤੇਰਾ,
ਤਖਤ ਦੇ ਮਾਲਕਾ ! ਵੇ, ਸਿਰ ਤੇ ਕਲਗੀ ਸਜਾਣ ਵਾਲਿਆ।
ਤੂੰ ਕਵੀਆਂ ਦਾ ਸਿਰਮੌਰ ਸੈਂ, ਹੈ ਇਤਿਹਾਸ ਭਰਦਾ ਸਾਖੀ,
ਯਮਨਾ ਦੇ ਕੰਢੇ ਬਹਿ ਕੇ, ਕਵੀ ਦਰਬਾਰ ਕਰਾਣ ਵਾਲਿਆ।
ਤਿਲਕ ਤੇ ਜੰਞੂ ਦੀ ਰਾਖੀ ਲਈ, ਪਿਤਾ ਕੁਰਬਾਨ ਕੀਤਾ,
ਚਾਰੇ ਲਖਤੇ ਜਿਗਰ ਆਪਣੇ, ਪੰਥ ਕੌਮ ਤੋਂ ਲੁਟਾਣ ਵਾਲਿਆ।
ਬਾਬੇ ਨਾਨਕ ਨੇ, ਜੋ ਇੱਕ ਨਿਰਮਲ ਪੰਥ ਚਲਾਇਆ ਸੀ,
ਖਾਲਸਾ ਸਾਜ ਕੇ ਉਸ ਪੰਥ ਨੂੰ ਪ੍ਰਵਾਨ ਚੜ੍ਹਾਣ ਵਾਲਿਆ।
ਕਦੇ ਮੈਂ ਤੈਨੂੰ ਸਹਿਜ ਵਿਚ, ਕਦੇ ਯੁੱਧ ਕਰਦੇ ਵੇਖਿਆ,
ਤੂੰ, ਤਪ ਬੀਰਤਾ ਦਾ ਸੁਮੇਲ, ਸੰਤ ਸਿਪਾਹੀ ਕਹਾਣ ਵਾਲਿਆ।
ਝੁੱਗਾ ਆਪਣਾ ਉਜਾੜ ਕੇ, ਤੂੰ ਕਦੇ ਵੀ ਨਾ ਡੋਲਿਆ,
ਉਸ ਰੱਬ ਦੀ ਰਜ਼ਾ ਵਿਚ ਰਹਿ ਕੇ, ਸ਼ੁਕਰ ਅਲਾਣ ਵਾਲਿਆ।
ਤੇਰੀ ਕਲਗੀ ਦੀਆਂ ਅਣੀਆਂ, ਅੱਜ ਵੀ ਦੁਨੀਆਂ ਤੇ ਰੌਸ਼ਨ,
ਸੱਚ ਹੱਕ ਦੇ ਰਾਖਿਆ, ਮਜ਼ਲੂਮਾਂ ਲਈ, ਨਾਹਰਾ ਲਗਾਣ ਵਾਲਿਆ।
ਤੇਰਾ 'ਸਾਜਨ' ਤੇਰੇ ਸਿਜਦੇ 'ਚ ਹੈ, ਰਹਿਮਤ ਕਰ ਬੰਦੇ ਤੇ,
ਤੂੰ ਧੰਨ ਹੈਂ, ਇਨ੍ਹਾਂ ਕਲਮਾਂ ਤੋਂ, ਸਿਫ਼ਤਾਂ ਲਿਖਾਣ ਵਾਲਿਆ।

* * * * *



www.AKJ.Org

## ਵਾਰ ਮਾਰੂ ਡਖਣੇ (੭)

(ਭਾਈ ਜੋਗਿੰਦਰ ਸਿੰਘ ਤਲਵਾੜਾ)

**ਡਖਣੇ ਮ: ੫।।**

**ਮੂ ਥੀਆਊ ਤਖਤੁ, ਪਿਰੀ ਮਹਿੰਜੇ ਪਾਤਿਸਾਹ।।**
**ਪਾਵ ਮਿਲਾਵੇ ਕੋਲਿ, ਕਵਲ ਜਿਵੈ ਬਿਗਸਾਵਦੋ।।੧।।**
**ਮ:੫।। ਪਿਰੀਆ ਸੰਦੜੀ ਭੁਖ, ਮੂ ਲਾਵਣ ਥੀ ਵਿਥਰਾ।।**
**ਜਾਣੁ ਮਿਠਾਈ ਇਖ, ਬੇਈ ਪੀੜੇ ਨਾ ਹੁਟੈ।।੨।।**
**ਮ: ੫।। ਠਗਾ ਨੀਹੁ ਮਤ੍ਰੋੜਿ, ਜਾਣੁ ਗੰਧ੍ਰਬਾ ਨਗਰੀ।।**
**ਸੁਖ ਘਟਾਊ ਡੂਇ, ਇਸੁ ਪਧਾਣੁ ਘਰ ਘਣੇ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਥੀਆਊ-ਹੋ ਜਾਵਾਂ। ਜਿਵੈ-ਜਿਉਂ, ਵਾਂਗ। ਥੀ-ਤੋਂ। ਠਗਾ-ਠੱਗਾਂ ਦਾ। ਪਾਤਿਸਾਹ-'ਸ' ਉਚਾਰਣ ਵਿਸ਼ੇਸ਼ ਧੁਨੀ।

ਬਿਗਸਾਵਦੋ-'ਸਾ' ਉਚਾਰਣ ਨਾਸਕੀ। ਮਹਿੰਜੇ-'ਮ' ਦਾ ਉਚਾਰਣ ਅਗੇਤਰ ਵਾਂਗ ਨਹੀਂ। ਸਮੁੱਚੇ ਸ਼ਬਦ ਦਾ ਉਚਾਰਣ ਇਕੱਠਾ ਹੈ।

**ਪਦ ਅਰਥ** :- ਮੂ-ਮੈਂ। ਥਿਆਊ-ਹੋ ਜਾਵਾਂ। ਮਹਿੰਜੇ-ਮੇਰੇ। ਪਾਵ-ਚਰਨ। ਪਾਵ ਮਿਲਾਵੇ ਕੋਲਿ-ਜੇ ਚਰਨ (ਮੇਰੇ ਹਿਰਦੇ-ਤਖਤ) ਨਾਲ ਛੁਹਾਵੇ। ਬਿਗਸਾਵਦੋ-ਖਿੜ ਪੈਂਦਾ ਹੈ। ੧।

ਪਿਰੀਆ ਸੰਦੜੀ-ਪਿਆਰੇ-ਪ੍ਰੀਤਮ ਦੀ। ਮੂ-ਮੈਨੂੰ। ਲਾਵਣ-ਸਲੂਣਾ। ਲਾਵਣ ਥੀ ਵਿਥਰਾ-ਸਲੂਣੇ ਤੋਂ ਵੱਧ ਕੇ ਵਿਸ਼ੇਸ਼। ਜਾਣੁ-ਇਉਂ ਜਾਣ। ਮਿਠਾਈ ਇਖ-ਗੰਨੇ ਦੀ ਮਿਠਾਸ। ਬੇਈ ਪੀੜੇ-ਬਾਰ ਬਾਰ ਪੀੜਨ ਤੇ। ਨ ਹੁਟੈ-ਨਹੀਂ ਮੁੱਕਦੀ। ੨।।

ਠਗਾ-(ਕਾਮ, ਕ੍ਰੋਧ ਆਦਿਕ) ਠੱਗਾਂ ਦਾ। ਨੀਹੁ-ਪਿਆਰ, ਮੋਹ। ਮਤ੍ਰੋੜਿ-ਮੂਲੋਂ ਹੀ ਤ੍ਰੋੜ ਦੇ। ਜਾਣੁ-ਤੂੰ ਸਮਝ। ਗੰਧ੍ਰਬਾ ਨਗਰੀ-ਇਕ ਕਲਪਿਤ (ਖ਼ਿਆਲੀ) ਨਗਰੀ, ਛੱਲ, ਧੋਖਾ। ਸੁਖ ਘਟਾਊ ਡੂਇ-ਦੋ ਕੁ ਘੜੀਆਂ ਦਾ ਸੁਖ। ਇਸੁ ਪਧਾਣੁ-ਇਸ ਜੀਵ-ਪਾਂਧੀ (ਰਾਹੀ) ਨੂੰ। ਘਰ ਘਣੇ-ਬਹੁਤੇ ਜੂਨ-ਘਰ (ਭੋਗਣੇ ਪੈਂਦੇ ਹਨ)।੩।

**ਅਰਥ** : (ਮੇਰੀ ਰੀਝ ਹੈ ਕਿ) ਮੇਰੇ (ਆਪਣੇ) ਪਿਆਰੇ-ਪਾਤਸ਼ਾਹ (ਦੇ ਬਿਰਾਜਣ) ਲਈ ਮੈਂ ਤਖਤ ਹੋ ਜਾਵਾਂ। ਜੇ (ਉਹ ਪਿਆਰਾ ਪ੍ਰੀਤਮ) ਆਪਣੇ ਚਰਣ ਕਮਲ (ਇਸ ਤਖਤ) ਨਾਲ ਛੁਹਾਵੇ ਤਾਂ (ਮੇਰਾ ਅੰਦਰਲਾ ਹਿਰਦਾ-ਕਮਲ) ਕਮਲ ਫੁੱਲ ਵਾਂਗ ਖਿੜ ਪੈਂਦਾ ਹੈ।੧।

ਆਪਣੇ ਪਿਆਰੇ (ਦੇ ਦਰਸ-ਮਿਲਾਪ) ਦੀ ਭੁੱਖ (ਤਾਂਘ) ਮੈਨੂੰ ਸਲੂਣੇ ਤੋਂ ਵੀ ਵਿਸ਼ੇਸ਼ (ਅਤੇ ਵਧੇਰੇ ਸਵਾਦੀ) ਹੈ। ਇਹ (ਦਰਸ-ਮਿਲਾਪ ਲਈ ਆਪਾ ਨਿਛਾਵਰ ਕਰਨ ਦੀ ਤਾਂਘ) ਜਾਣੋਂ ਗੰਨੇ ਦੀ ਮਿਠਾਸ (ਵਾਂਗ) ਹੈ, ਜੋ (ਗੰਨੇ ਦੇ) ਬਾਰ ਬਾਰ ਪੀੜੇ ਜਾਣ ਤੇ ਵੀ ਮੁਕਦੀ ਨਹੀਂ। (ਭਾਵ, ਦਰਸ-ਮਿਲਾਪ ਲਈ ਆਪਾ ਨਿਛਾਵਰ ਕਰਨ ਲਈ ਤੱਤਪਰ ਰਹਿਣਾ ਮੁੱਢਲੀ ਸ਼ਰਤ ਹੈ)।੨।

(ਕਾਮਾਦਿਕ) ਠੱਗਾਂ ਦਾ ਪਿਆਰ ਮੂਲੋਂ ਹੀ ਤੋੜ ਮਰੋੜ ਦੇਹ, (ਇਹਨਾਂ ਦੀ ਸਾਂਝ ਨੂੰ) ਨਿਰਾ ਛਲ-ਧੋਖਾ ਸਮਝ। ਇਹਨਾਂ (ਵਿਕਾਰਾਂ ਵਿੱਚ ਪਰਵਿਰਤ ਹੋਣ) ਦਾ ਸੁਖ ਤਾਂ ਕੇਵਲ ਦੋ ਘੜੀਆਂ ਦਾ (ਛਿਨ ਭੰਗਰ) ਹੁੰਦਾ ਹੈ, ਪਰ (ਇਹਨਾਂ ਦੇ ਸੰਗ-ਦੋਸ਼ ਕਾਰਨ) ਇਸ ਜੀਵ-ਪਾਂਧੀ ਨੂੰ ਬਹੁਤ ਹੀ ਜੂਨ-ਘਰ ਭੋਗਣੇ ਪੈਂਦੇ ਹਨ।੩।

**ਪਉੜੀ**

**ਅਕਲ, ਕਲਾ ਨਹ ਪਾਈਐ, ਪ੍ਰਭੁ ਅਲਖ ਅਲੇਖੰ।।**
**ਖਟੁ ਦਰਸਨ ਭ੍ਰਮਤੇ ਫਿਰਹਿ, ਨਹ ਮਿਲੀਐ ਭੇਖੰ।।**
**ਵਰਤ ਕਰਹਿ ਚੰਦ੍ਰਾਇਣਾ, ਸੇ ਕਿਤੈ ਨ ਲੇਖੰ।।**
**ਬੇਦ ਪੜਹਿ ਸੰਪੂਰਨਾ, ਤਤੁ ਸਾਰ ਨ ਪੇਖੰ।।**
**ਤਿਲਕੁ ਕਢਹਿ ਇਸਨਾਨੁ ਕਰਿ, ਅੰਤਰਿ ਕਾਲੇਖੰ।।**
**ਭੇਖੀ ਪ੍ਰਭੁ ਨ ਲਭਈ, ਵਿਣੁ ਸਚੀ ਸਿਖੰ।।**
**ਭੂਲਾ ਮਾਰਗਿ ਸੋ ਪਵੈ, ਜਿਸੁ ਧੁਰਿ ਮਸਤਕਿ ਲੇਖੰ।।**
**ਤਿਨਿ ਜਨਮੁ ਸਵਾਰਿਆ ਆਪਣਾ, ਜਿਨਿ ਗੁਰੁ ਅਖੀ ਦੇਖੰ।।੧੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਫਿਰਹਿ-ਫਿਰਦੇ ਹਨ। ਕਰਹਿ-ਕਰਦੇ ਹਨ। ਪੜਹਿ-ਪੜ੍ਹਦੇ ਹਨ। ਕਢਹਿ-ਕਢਦੇ (ਲਾਉਂਦੇ) ਹਨ। ਭੇਖੀ-(ਬਾਹਰਲੇ) ਭੇਖਾਂ ਦੁਆਰਾ। ਅਖੀ-ਅੱਖਾਂ ਨਾਲ, ਪਰਤੱਖ।

ਅਕਲ - ਉਚਾਰਣ 'ਅ +ਕਲ'।

ਨਹ - 'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ।

**ਪਦ ਅਰਥ** : ਅਕਲ-ਕਲਾ-ਰਹਿਤ (ਜੋ ਕਿਸੇ ਕਲਾ ਦਾ ਮੁਥਾਜ ਨਹੀਂ) ਕਲਾ-ਹੁਨਰ। ਅਲਖ ਅਲੇਖੰ-

ਸੂਰਾ



www.AKJ.Org

ਲਖਣ-ਰਹਿਤ ਅਤੇ ਉਲੇਖ ਤੋਂ ਪਰ੍ਹੇ। ਖਟੁ-ਦਰਸਨ-ਛੇ ਭੇਖਾਂ ਦੇ ਸਾਧੂ। ਭੇਖੰ-ਕਿਸੇ ਖ਼ਾਸ ਭੇਖ ਨੂੰ ਧਾਰਨ ਕਰਨ ਨਾਲ। ਚੰਦ੍ਰਾਇਣਾ-ਚੰਦ੍ਰਮਾ ਦੀ ਤਿਥ ਨਾਲ ਸੰਬੰਧਤ। ਸੇ-ਉਹ (ਬਹੁ-ਬਚਨ)। ਕਿਤੈ ਨ ਲੇਖੰ-ਕਿਸੇ ਲੇਖੇ ਨਹੀਂ, ਬੇਅਰਥ ਹਨ। ਤੁਤ ਸਾਰ-ਮੂਲ-ਤੱਤ। ਕਾਲੇਖੰ-ਕਾਲਖ਼। ਨ ਪੇਖੰ-ਨਹੀਂ ਵੇਖਦੇ, ਨਹੀਂ ਜਾਣ ਸਕਦੇ। ਵਿਣੁ ਸਚੀ ਸਿਖੰ-(ਸਤਿਗੁਰ ਦੀ) ਸੱਚੀ ਸਿਖਿਆ ਦੀਖਿਆ (ਉਪਦੇਸ਼) ਤੋਂ ਬਿਨਾਂ। ਭੂਲਾ-ਭੁਲਿਆ ਹੋਇਆ। ਮਾਰਗਿ-ਸਹੀ ਰਾਹ ਤੇ। ਮਸਤਕਿ-ਮੱਥੇ ਉਤੇ। ਤਿਨਿ-ਉਸ ਨੇ।

**ਅਰਥ** : ਕਲਾ-ਰਹਿਤ (ਜੋ ਕਿਸੇ ਕਲਾ ਅਥਵਾ ਹੁਨਰ ਦਾ ਮੁਥਾਜ ਨਹੀਂ) ਪ੍ਰਭੂ ਕਲਾ (ਕਿਸੇ ਵਿਸ਼ੇਸ਼ ਹੁਨਰ) ਦੁਆਰਾ ਨਹੀਂ ਪਾਇਆ ਜਾ ਸਕਦਾ। ਉਹ ਚਿਹਨ-ਚਕਰ ਤੋਂ ਮੁਕਤ ਹੈ, ਉਸ ਦੇ ਸਰੂਪ ਦਾ ਉਲੇਖ ਨਹੀਂ ਹੋ ਸਕਦਾ।

ਛੇ ਭੇਖਾਂ ਦੇ ਸਾਧੂ ਭਟਕਦੇ ਫਿਰਦੇ ਹਨ, ਪ੍ਰਭੂ ਕਿਸੇ (ਵਿਸ਼ੇਸ਼) ਭੇਖ ਦੁਆਰਾ ਨਹੀਂ ਮਿਲਦਾ।

(ਕਈ ਲੋਕ) ਚੰਦਰਮਾ ਦੀ ਤਿਥ ਨਾਲ ਸੰਬੰਧਤ ਵਰਤ ਰੱਖਦੇ ਹਨ (ਪਰ ਪ੍ਰਭੂ-ਪ੍ਰਾਪਤੀ ਦੇ ਸੰਬੰਧ ਵਿੱਚ) ਉਹ ਵਰਤ ਕਿਸੇ ਲੇਖੇ ਨਹੀਂ, ਭਾਵ, ਵਿਅਰਥ ਹਨ।

(ਕਈ ਲੋਕ) ਪੂਰੇ ਦੇ ਪੂਰੇ (ਚਾਰੇ) ਵੇਦ ਪੜ੍ਹਦੇ ਹਨ, ਉਹ ਵੀ ਵੇਦ-ਪਾਠ ਦੁਆਰਾ) ਮੂਲ-ਤੱਤ ਨਹੀਂ ਜਾਣ ਸਕਦੇ।

(ਕਈ ਲੋਕ) ਇਸ਼ਨਾਨ ਕਰਕੇ (ਸਰੀਰ ਉੱਤੇ ਕਈ ਪ੍ਰਕਾਰ ਦੇ) ਤਿਲਕ ਲਾਉਂਦੇ ਹਨ, ਪਰ (ਇਹ ਕੁਝ ਕਰਨ ਦੇ ਬਾਵਜੂਦ) ਅੰਦਰ ਕਾਲਖ਼ ਟਿੱਕੀ ਰਹਿੰਦੀ ਹੈ, ਭਾਵ, ਦੂਰ ਨਹੀਂ ਹੁੰਦੀ।

(ਸਤਿਗੁਰੂ ਦੀ) ਸੱਚੀ ਸਿਖਿਆ ਦੀਖਿਆ (ਉਪਦੇਸ਼ ਦੀ ਕਮਾਈ) ਤੋਂ ਬਿਨਾਂ ਕੇਵਲ ਬਾਹਰਲੇ ਭੇਖਾਂ ਦੁਆਰਾ ਪ੍ਰਭੂ ਨਹੀਂ ਲੱਭ ਸਕਦਾ।

ਜੀਵਨ-ਰਾਹ ਤੋਂ ਭੁੱਲਾ ਹੋਇਆ ਕੇਵਲ ਉਹ ਮਨੁੱਖ ਹੀ ਸਹੀ ਰਸਤੇ ਤੇ ਪੈਂਦਾ ਹੈ ਜਿਸ ਦੇ ਮੱਥੇ ਤੇ ਧੁਰ ਦਰਗਾਹੋਂ ਸ਼ੁੱਭ ਲੇਖ ਲਿਖਿਆ ਹੋਵੇ।

ਜਿਸ ਨੇ ਗੁਰੂ ਨੂੰ (ਸ਼ਰਧਾ-ਭਾਵਨਾ ਦੀਆਂ) ਅੱਖਾਂ ਨਾਲ ਵੇਖ ਲਿਆ, ਉਸਨੇ (ਜਾਣੋ) ਆਪਣਾ ਮਨੁੱਖਾ ਜਨਮ ਸੁਆਰ ਲਿਆ। ੧੩।

**ਡਖਣੇ ਮ: ੫**

**ਸੋ ਨਿਵਾਹੂ ਗਡਿ, ਜੋ ਚਲਾਊ ਨ ਥੀਐ।।**
**ਕਾਰ ਕੂੜਾਵੀ ਛਡਿ, ਸੰਮਲੁ ਸਚੁ ਧਣੀ।।੧।।**
**ਮ:੫।। ਹਭ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ।।**
**ਪਰਗਟੁ ਥੀਆ ਆਪਿ, ਨਾਨਕ ਮਸਤਕਿ ਲਿਖਿਆ।।੨।।**
**ਮ:੫।।ਮੁਖ ਸੁਹਾਵੇ ਨਾਮੁ ਚਉ, ਆਠ ਪਹਰ ਗੁਣ ਗਾਉ।।**
**ਨਾਨਕ ਦਰਗਹ ਮੰਨੀਅਹਿ, ਮਿਲੀ ਨਿਥਾਵੇ ਥਾਉ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਜਿਉ-ਜਿਵੇਂ। ਨਿਥਾਵੇ-ਨਿਥਾਵੇਂ ਨੂੰ। ਥਾਉ-ਥਾਂ (ਟਿਕਾਣਾ)। ਮੰਨੀਅਹਿ-ਮੰਨੇ ਜਾਂਦੇ ਹਨ, ਕਬੂਲ ਪੈਂਦੇ ਹਨ।

ਸੰਮਲੁ - 'ਮ' ਉਚਾਰਣ ਭਾਰਾ।

ਦਰਗਹ - 'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ।

**ਪਦ ਅਰਥ** : ਨਿਵਾਹੂ-ਨਿਬਾਹੂ, ਨਿਬਾਹ ਕਰਨ ਵਾਲਾ, ਤੋੜ ਪਹੁੰਚਾਣ ਵਾਲਾ। ਗਡਿ-ਹਿਰਦੇ ਵਿੱਚ ਦ੍ਰਿੜ ਕਰ ਲੈ। ਜੋ ਚਲਾਊ ਨ ਥੀਐ-ਜੋ ਚਲਾਇਮਾਨ ਨਹੀਂ ਹੁੰਦਾ, (ਜੋ ਅਚਲ ਹੈ)। ਸੰਮਲੁ-ਚੇਤੇ ਕਰ। ਸਚੁ ਧਣੀ-ਸਦਾ-ਥਿਰ ਮਾਲਕ।੧।

ਹਭ-ਸਭਨਾਂ ਜੀਵ-ਜੰਤੂਆਂ ਵਿੱਚ। ਜਲ ਘਟਾਊ -ਪਾਣੀ ਦੇ ਘੜੇ ਵਿੱਚ। ਪਰਗਟ ਥੀਆ-ਪਰਤੱਖ ਹੋ ਗਿਆ। ਆਪਿ-ਆਪੇ (ਹਿਰਦੇ) ਵਿਚ। ਮਸਤਕਿ-ਮੱਥੇ ਉੱਤੇ।੨।

ਸੁਹਾਵੇ-ਸ਼ੋਭਨੀਕ ਹਨ। ਨਾਮੁ ਚਉ-ਨਾਮ ਬੋਲਦੇ ਹਨ। ਮੰਨੀਅਹਿ-ਮੰਨੇ ਜਾਂਦੇ ਹਨ, ਕਬੂਲ ਪੈਂਦੇ ਹਨ। ਮਿਲੀ-(ਮਿਲਈ) ਮਿਲਦਾ ਹੈ।

**ਅਰਥ** : (ਲੋਕ ਪ੍ਰਲੋਕ ਵਿੱਚ) ਤੋੜ ਨਿਭਾਹੁਣ ਵਾਲਾ ਉਹ (ਵਾਹਿਗੁਰੂ ਆਪਣੇ ਹਿਰਦੇ ਵਿੱਚ) ਗਡਿ ਰਖ (ਦ੍ਰਿੜ੍ਹ ਕਰਕੇ ਧਾਰਨ ਕਰ ਲੈ) ਜੋ ਕਦੀ ਵੀ ਚਲਾਇਮਾਨ ਨਹੀਂ ਹੁੰਦਾ, ਭਾਵ, ਜੋ ਅਬਿਨਾਸ਼ੀ ਹੈ। ਝੂਠੀ ਮਾਇਕੀ ਦੌੜ-ਭੱਜ ਛੱਡ ਦੇ ਅਤੇ ਸਦਾ-ਥਿਰ (ਹੋਂਦ ਵਾਲੇ) ਮਾਲਕ ਨੂੰ (ਨਿਰੰਤਰ) ਚੇਤੇ ਕਰ।੧।

ਸਭਨਾਂ (ਜੀਵ-ਜੰਤਾਂ) ਵਿੱਚ (ਜੋਤੀ-ਸਰੂਪ ਪ੍ਰਭੂ ਦੀ) ਜੋਤੀ ਸਮਾਈ ਹੋਈ ਹੈ, ਜਿਵੇਂ ਪਾਣੀ ਦੇ ਭਰੇ ਹਰੇਕ ਘੜੇ ਵਿਚ ਚੰਨ (ਦਾ ਪ੍ਰਤੀਬਿੰਬ)। ਨਾਨਕ ! ਜਿਸ ਮਨੁੱਖ ਦੇ ਮੱਥੇ ਤੇ (ਸ਼ੁੱਭ ਭਾਗ) ਲਿਖਿਆ ਹੁੰਦਾ ਹੈ,


www.AKJ.Org

ਉਸ ਦੇ ਆਪੇ (ਹਿਰਦੇ) ਵਿਚ ਪ੍ਰਭੂ ਖੁਦ-ਬ-ਖੁਦ ਪ੍ਰਤੱਖ ਹੋ ਜਾਂਦਾ ਹੈ।੨।

ਉਹ ਮੂੰਹ ਸ਼ੋਭਨੀਕ ਹੁੰਦੇ ਹਨ ਜੋ ਨਾਮ ਚਉਂਦੇ (ਉਚਾਰਦੇ) ਹਨ, ਅੱਠੇ ਪਹਿਰ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ। (ਅੱਠੇ ਪਹਿਰ ਸਿਫ਼ਤ-ਸਾਲਾਹ ਕਰਨ ਵਾਲੇ) ਪ੍ਰਭੂ-ਦਰਗਾਹ ਵਿੱਚ ਕਬੂਲ ਪੈਂਦੇ ਹਨ, ਅਥਵਾ ਸਨਮਾਨੇ ਜਾਂਦੇ ਹਨ, ਨਿਥਾਵੇਂ (ਜਿਸ ਨੂੰ ਕਿਧਰੇ ਢੋਈ ਨਾ ਮਿਲੇ) ਨੂੰ (ਸਿਫ਼ਤ-ਸਾਲਾਹ ਦੇ ਤੁਫ਼ੈਲ ਪ੍ਰਭੂ-ਦਰਬਾਰ ਵਿੱਚ) ਸਨਮਾਨ ਪੂਰਬਕ ਸਥਾਨ ਮਿਲਦਾ ਹੈ।੩।

**ਪਉੜੀ।।**

**ਬਾਹਰ ਭੇਖਿ ਨ ਪਾਈਐ, ਪ੍ਰਭੁ ਅੰਤਰਜਾਮੀ।।**
**ਇਕਸੁ ਹਰਿ ਜੀਉ ਬਾਹਰੀ, ਸਭ ਫਿਰੈ ਨਿਕਾਮੀ।।**
**ਮਨੁ ਰਤਾ ਕੁਟੰਬ ਸਿਉ, ਨਿਤ ਗਰਬਿ ਫਿਰਾਮੀ।।**
**ਫਿਰਹਿ ਗੁਮਾਨੀ ਜਗ ਮਹਿ, ਕਿਆ ਗਰਬਹਿ ਦਾਮੀ।।**
**ਚਲਦਿਆ ਨਾਲਿ ਨ ਚਲਈ, ਖਿਨ ਜਾਇ ਬਿਲਾਮੀ।।**
**ਬਿਚਰਦੇ ਫਿਰਹਿ ਸੰਸਾਰ ਮਹਿ, ਹਰਿ ਜੀ ਹੁਕਾਮੀ।।**
**ਕਰਮੁ ਖੁਲਾ ਗੁਰੁ ਪਾਇਆ, ਹਰਿ ਮਿਲਿਆ ਸੁਆਮੀ।।**
**ਜੋ ਜਨੁ ਹਰਿ ਕਾ ਸੇਵਕੋ, ਹਰਿ ਤਿਸ ਕੀ ਕਾਮੀ।।੧੪।।**

**ਉਚਾਰਣ** : ਹੇਠ ਲਿਖੇ ਸ਼ਬਦ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਸਿਉ-ਨਾਲ। ਫਿਰਹਿ-ਫਿਰਦੇ ਹਨ। ਗਰਬਹਿ-ਹੰਕਾਰ ਕਰਦੇ ਹਨ। ਚਲਦਿਆ-ਇਥੋਂ ਕੂਚ ਕਰਦਿਆਂ। ਫਿਰਹਿ-ਫਿਰਦੇ ਹਨ।

ਖੁਲਾ-'ਲਾ' ਉਚਾਰਣ ਭਾਰਾ।

**ਪਦ ਅਰਥ** : ਬਾਹਰ ਭੇਖ-ਬਾਹਰਲੇ ਕਿਸੇ ਭੇਖ ਦੁਆਰਾ। ਅੰਤਰਜਾਮੀ-ਅੰਦਰ ਦੀ ਸਥਿਤੀ ਜਾਣਨ ਵਾਲਾ। ਬਾਹਰੀ-ਬਗੈਰ, ਬਿਨਾਂ। ਸਭਿ-ਸਾਰੀ (ਲੁਕਾਈ)। ਨਿਕਾਮੀ-ਨਿਕੰਮੀ, ਵਿਅਰਥ। ਰਤਾ-ਖੱਚਤ ਹੈ। ਗਰਬਿ ਫਿਰਾਮੀ-ਹੰਕਾਰ ਵਿਚ ਫਿਰਦੇ ਹਨ। ਗੁਮਾਨੀ-ਹੰਕਾਰੀ ਹੋ ਕੇ। ਮਹਿ-ਵਿਚ। ਦਾਮੀ-ਦਾਮਾਂ (ਪੈਸਿਆਂ) ਦੇ ਬਲ ਬੋਤੇ। ਜਾਇ ਬਿਲਾਮੀ-ਬਿਲਾਇ ਜਾਏ, ਚਲੀ ਜਾਂਦੀ ਹੈ। ਬਿਚਰਦੇ ਫਿਰਹਿ-ਵਿਚਰਦੇ ਫਿਰਦੇ ਹਨ। ਹੁਕਾਮੀ-ਹੁਕਮ ਅਧੀਨ। ਕਰਮੁ ਖੁਲਾ-(ਜਿਸ ਦਾ) ਭਾਗ ਜਾਗ ਪਿਆ। ਹਰਿ ਤਿਸ ਕੀ ਕਾਮੀ-ਉਸ ਦੀ ਮਨੋ-ਕਾਮਨਾ ਹਰੀ (ਪ੍ਰਭੂ-ਪ੍ਰਾਪਤੀ) ਹੀ ਹੋ ਗਿਆ।

**ਅਰਥ** : ਪ੍ਰਭੂ ਪਰਮੇਸ਼ਰ (ਸਭ ਕਿਸੇ ਦੀ) ਅੰਦਰਲੀ ਦਿਸ਼ਾ ਜਾਨਣ ਵਾਲਾ ਹੈ, ਉਹ ਬਾਹਰਲੇ ਕਿਸੇ ਭੇਖ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਇਕ ਹਰੀ-ਪ੍ਰਭੂ ਜੀ (ਦੀ ਪ੍ਰੀਤ ਅਤੇ ਯਾਦ) ਤੋਂ ਵਿਰਵੀ (ਸਖਣੀ) ਸਾਰੀ ਲੁਕਾਈ ਵਿਅਰਥ ਭਟਕਦੀ ਫਿਰਦੀ ਹੈ।

(ਪ੍ਰਭੂ ਤੋਂ ਬੇਮੁੱਖ ਹੋਏ ਜੀਵਾਂ ਦਾ) ਮਨ ਪਰਵਾਰ (ਦੇ ਮੋਹ) ਵਿਚ ਖਚਤ ਰਹਿੰਦਾ ਹੈ, (ਸਦਾ ਹੀ ਆਪਣੀਆਂ ਪਰਵਾਰਕ-ਬਾਹਵਾਂ ਦੇ) ਹੰਕਾਰ ਵਿਚ ਆਕੜੇ ਫਿਰਦੇ ਹਨ।

(ਮਾਇਆਧਾਰੀ ਜੀਵ) ਹੰਕਾਰੀ ਹੋ ਕੇ ਸੰਸਾਰ ਵਿੱਚ ਵਿਚਰਦੇ ਹਨ। ਮਾਇਆ ਦੇ ਬਲ ਬੋਤੇ ਕਾਹਦਾ ਹੰਕਾਰ ਕਰਦੇ ਹਨ ? (ਇਹ ਮਾਇਆ ਤਾਂ ਬੱਦਲ ਦੀ ਛਾਇਆ ਵਾਂਗ ਛਿਨ-ਭੰਗਰ ਹੈ)।

(ਇਹ ਮਾਇਆ ਜੀਵ ਦੇ) ਸੰਸਾਰ ਤੋਂ ਕੂਚ ਕਰਦੇ ਸਮੇਂ ਪਰਲੋਕ ਵਿਚ ਨਾਲ ਨਹੀਂ ਜਾਂਦੀ ਸਗੋਂ ਪਲ ਵਿੱਚ ਹੀ (ਕਿਸੇ ਹੋਰ ਕੋਲ) ਚਲੀ ਜਾਂਦੀ ਹੈ।

(ਪਰ ਕਿਸੇ ਦੇ ਕੀ ਵਸ) ਸਾਰੇ ਜੀਵ ਸੰਸਾਰ ਵਿਚ ਪ੍ਰਭੂ ਜੀ ਦੇ ਹੁਕਮ ਅੰਦਰ ਹੀ ਵਿਚਰਦੇ ਫਿਰਦੇ ਹਨ।

ਜਿਸ ਕਿਸੇ ਦਾ ਭਾਗ ਜਾਗਿਆ ਉਸ ਨੂੰ ਗੁਰੂ ਪ੍ਰਾਪਤ ਹੋ ਗਿਆ। (ਫਿਰ ਗੁਰੂ ਦੀ ਬਖਸ਼ਸ਼ ਦੁਆਰਾ, ਵਿਸ਼ਵ-ਸੰਸਾਰ ਦਾ) ਮਾਲਕ-ਪ੍ਰਭੂ ਮਿਲ ਪਿਆ।

ਜਿਹੜਾ ਮਨੁੱਖ (ਕੁਟੰਬ ਅਤੇ ਧਨ-ਦੌਲਤ ਦਾ ਹੰਕਾਰ ਛੱਡ ਕੇ) ਹਰੀ-ਪ੍ਰਭੂ ਦਾ ਦਾਸ ਬਣ ਗਿਆ, ਹਰੀ-ਪ੍ਰਾਪਤੀ ਹੀ ਉਸ ਦੀ ਪ੍ਰਮੁੱਖ ਮਨੋ-ਕਾਮਨਾ ਹੋ ਗਈ।੧੪।

* * * * *

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ।।੧।।
ਰੇ ਮੂੜੇ ਤੂ ਹੋਛੈ ਰਸਿ ਲਪਟਾਇਓ।। ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ,
ਬਿਖਿਆ ਸਿਉ ਉਰਝਾਇਓ।।੧।। ਰਹਾਉ।। (ਪੰਨਾ ੧੦੧੭)



www.AKJ.Org

# ਨਾਮ ਬਾਣੀ ਦੇ ਅਭਿਆਸੀਆਂ ਦਾ ਬਣਾਇਆ ਤੇ ਵਰਤਾਇਆ ਲੰਗਰ

ਘਰ ਵਿਚ ਬਣਾਏ ਹਲਵੇ ਅਤੇ ਕੜਾਹ ਪ੍ਰਸ਼ਾਦ ਵਿਚਲਾ ਫਰਕ ਸਧਾਰਣ ਵਿਕਅਤੀ ਵੀ ਅੱਛੀ ਤਰ੍ਹਾਂ ਅਨੁਭਵ ਕਰਦਾ ਹੈ। ਤਿਆਰ-ਬਰ-ਤਿਆਰ ਸਿੰਘ ਜਾਂ ਸਿੰਘਣੀ ਜਦੋਂ ਨਾਮ ਬਾਣੀ ਦੇ ਰੰਗ ਵਿੱਚ ਡੁੱਬ ਕੇ ਕੜਾਹ ਪ੍ਰਸ਼ਾਦ ਤਿਆਰ ਕਰਕੇ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭੇਟ ਕਰਦਾ ਹੈ ਤਾਂ ਭਗਤੀ ਰਸ ਦਾ ਅਸਰ ਹਲਵੇ ਨੂੰ ਕੜਾਹ ਪ੍ਰਸ਼ਾਦ ਦਾ ਰੂਪ ਦੇ ਦਿੰਦਾ ਹੈ। ਇਸੇ ਤਰ੍ਹਾਂ ਹੀ ਪਾਣੀ ਵਿੱਚ ਪਤਾਸੇ ਘੋਲਣ ਸਮੇਂ ਉੱਚੀਆਂ ਅਵਸਥਾਵਾਂ ਨੂੰ ਪਹੁੰਚੇ ਹੋਏ ਪੰਜ ਪਿਆਰੇ ਪੰਜਾਂ ਬਾਣੀਆਂ ਦਾ ਪਾਠ ਉਚਾਰਣ ਕਰਦੇ ਹੋਏ ਖੰਡੇ ਬਾਟੇ ਦੀ ਵਰਤੋਂ ਨਾਲ ਅੰਮ੍ਰਿਤ ਤਿਆਰ ਕਰਦੇ ਹਨ ਤਾਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਦੀਆਂ ਮੁਰਦਾ ਰੂਹਾਂ ਵਿੱਚ ਜਾਨ ਪੈ ਜਾਂਦੀ ਹੈ। ਜਨਮਾਂ ਜਨਮਾਂ ਦੇ ਅੰਕੁਰ ਫੁੱਟਦੇ ਹਨ। ਗੁਰੂ ਵਾਲੇ ਬਣ ਲੋਟ ਪੋਟ ਹੋਇ ਜਾਂਦੇ ਜਿਊੜੇ ਖੀਵੇ ਹੋ ਹੋ ਜਾਂਦੇ ਹਨ। ਚਿਹਰਿਆ ਉੱਤੇ ਲਾਲੀਆਂ ਭਖਣ ਲੱਗ ਪੈਂਦੀਆਂ ਹਨ, ਗੁਰੂ ਲੜ ਲੱਗਣ ਪਿੱਛੋ ਸਤਿਗੁਰੂ ਆਪਣੀ ਮੱਤ ਆਪਣਾ ਰੂਪ ਅਤੇ ਆਪਣੇ ਜਿਹੇ ਗੁਣ ਦੇ ਕੇ ਸ਼ਿੰਗਾਰਦਾ ਹੈ। ਧੁਰ ਅੰਦਰੋਂ ਭਗਤੀ, ਸੁੰਦਰਤਾ ਅਤੇ ਸ਼ਕਤੀਆਂ ਦੇ ਸੋਮੇ ਫੁੱਟ ਪੈਂਦੇ ਹਨ। ਇਸੇ ਤਰ੍ਹਾਂ ਲੰਗਰ ਦਾ ਵੀ ਸਰੀਰ ਅਤੇ ਬੁੱਧੀ ਉਤੇ ਬਹੁਤ ਅਸਰ ਹੁੰਦਾ ਹੈ। ਸੇਵਾ ਭਾਵਨਾ ਦੀਆਂ ਡੋਰਾਂ ਨਾਲ ਬੱਝੇ ਹੋਏ, ਨਾਮ ਬਾਣੀ ਦੇ ਰਸੀਏ, ਭਗਤੀ ਭੰਡਾਰਾਂ ਨਾਲ ਮਾਲੋ-ਮਾਲ ਹੋਏ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਜਦੋਂ ਲੰਗਰ ਦੀ ਸੇਵਾ ਕਰਦੇ ਹਨ ਤਾਂ ਉਨ੍ਹਾਂ ਦੀ ਸੁਰਤੀ ਸਤਿਗੁਰਾਂ ਦੇ ਚਰਨ-ਕਵਲਾਂ ਨਾਲ ਚੰਬੜੀ ਹੋਈ ਹੁੰਦੀ ਹੈ। ਮੂੰਹੋਂ ਨਾਮ ਬਾਣੀ ਦਾ ਪ੍ਰਵਾਹ ਚੱਲਦਾ ਹੈ। ਲੰਗਰ ਤਿਆਰ ਕਰਨ ਸਮੇਂ, ਸਜਾਉਣ ਸਮੇਂ ਅਤੇ ਵਰਤਾਉਣ ਸਮੇਂ ਪ੍ਰੇਮ-ਮਸਤੀ ਵਿੱਚ ਝੂਮਦਿਆਂ ਲਿਫ਼ ਲਿਫ਼ ਜਾਂਦੀਆਂ ਅੱਖੀਆਂ ਵਿਚੋਂ ਵਰ੍ਹਦੀ ਇਲਾਹੀ ਕਿਰਨਾਂ ਦੀ ਬੁਛਾੜ ਨਾਲ ਲੰਗਰ ਸੁੱਚਾ ਹੋ ਜਾਂਦਾ ਹੈ, ਮਿੱਠਾ ਹੋ ਜਾਂਦਾ ਹੈ।

ਨਾਮ ਬਾਣੀ ਦੇ ਸੁਰਾਂ ਨਾਲ ਸਿੰਜਿਆ ਹੋਇਆ ਪ੍ਰਸ਼ਾਦਾ ਰਸੀਲਾ ਹੋ ਜਾਂਦਾ ਹੈ। ਸਗੋਂ ਸੁਆਸ ਸੁਆਸ ਨਾਮ ਜਪਦੇ ਹੋਏ ਗੁਰੂ ਚਰਨਾਂ ਤੋਂ ਵਾਰੀ ਬਲਿਹਾਰੀ ਜਾਣ ਵਾਲੇ ਜਦੋਂ ਪ੍ਰਸ਼ਾਦੇ ਦੀਆਂ ਬੁਰਕੀਆਂ ਚਬਾਉਂਦਿਆਂ ਅਤੇ ਗਲਿਓਂ ਅੰਦਰ ਲੰਘਾਉਂਦਿਆਂ ਅੰਤਰ ਆਤਮੇ "ਵਾਹਿਗੁਰੂ..........ਵਾਹਿਗੁਰੂ" ਉਚਾਰਦੇ ਹਨ-ਤਾਂ ਨਾਮ-ਰਸ ਦੀਆਂ ਧਾਰਾਂ ਵਗਦੀਆਂ ਹਨ। ਲਹੂ ਵਿੱਚ ਨਾਮ-ਰਸ ਘੁਲ ਜਾਂਦਾ ਹੈ। ਨਾਮ-ਬਾਣੀ ਦੀ ਲੋਅ ਵਿੱਚ ਰੰਗਿਆਂ ਹੱਥੋਂ ਪ੍ਰਸ਼ਾਦਾ ਛੱਕਣ ਵਾਲੇ ਜੀਊੜਿਆਂ ਵਿਚੋਂ ਵੀ ਨਾਮ ਦੀ ਲੋਅ ਦੀਆਂ ਕੰਨਸੋਆਂ ਆਉਣ ਲੱਗ ਪੈਂਦੀਆਂ ਹਨ। ਲੰਗਰ ਉਸੇ ਨੂੰ ਹੀ ਕਿਹਾ ਜਾਂਦਾ ਹੈ ਜਿੱਥੇ ਗੁਰੂ-ਪ੍ਰੇਮ ਵਿੱਚ ਭਿੱਜੀਆਂ ਰੂਹਾਂ ਵਾਲੇ ਸੰਗਤ ਨੂੰ ਗੁਰੂ ਪ੍ਰੇਮ ਨਾਲ ਸਿੰਜਣ ਦੀ ਭਾਵਨਾ ਨਾਲ ਸੇਵਾ ਕਰਨ। ਸਭ ਨੂੰ ਛਕਾ ਕੇ ਪਿਛੋਂ ਆਪ ਛਕਣ ਦੀ ਇੱਛਾ ਰੱਖਦੇ ਹੋਣ। ਲੰਗਰ ਦੀ ਸੇਵਾ ਕਰਨ ਵਾਲੇ ਤਨਖਾਹਾਂ ਪਾਉਣ ਵਾਲੇ ਨਹੀਂ ਹੋਣੇ ਚਾਹੀਦੇ ਕੇਵਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਅਤੇ ਸੰਗਤਾਂ ਤੋਂ ਵਾਰੀ ਬਲਿਹਾਰੀ ਜਾਣ ਵਾਲੇ ਹੀ ਹੋਣੇ ਚਾਹੀਦੇ ਹਨ। ਸੇਵਾਦਾਰਾਂ ਦੀਆਂ ਸਖਸ਼ੀਅਤਾਂ ਦੇਖ ਕੇ ਸੰਗਤ ਨੂੰ ਆਪਣੇ ਸਤਿਗੁਰਾਂ ਦੀ ਯਾਦ ਆਉਣੀ ਚਾਹੀਦੀ ਹੈ ਅਤੇ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਗੁਰੂ ਦੇ ਘਰ ਵਿੱਚ ਸਤਿਗੁਰੂ ਆਪ ਸੰਗਤ ਦੀ ਪ੍ਰਾਹੁਣਚਾਰੀ ਕਰ ਰਿਹਾ ਹੈ-ਉਨ੍ਹਾਂ ਦੀ ਆਓ ਭਗਤ ਕਰ ਰਿਹਾ ਹੈ। ਇਹੋ ਜਿਹਾ ਮਾਹੌਲ ਸੱਚੇ ਸੁੱਚੇ ਸੇਵਾਦਾਰਾਂ ਨਾਲ ਅਤੇ ਸੰਗਤ ਦੇ ਪ੍ਰੇਮ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਹੋ ਜਿਹੇ ਮਾਹੌਲ ਵਿਚੋਂ ਹੀ ਗੁਰੂ-ਦਰਸ਼ਨਾਂ ਦੇ ਰੰਗ ਛਲਕਦੇ ਹਨ।

ਪਰ ਜਿੱਥੇ ਇੱਧਰ ਓਧਰ ਦੀਆਂ ਗੱਲਾਂ ਕਰ ਕੇ ਨਾਮ ਬਾਣੀ ਤੋਂ ਸੱਖਣੇ ਰਹਿ ਕੇ ਲੰਗਰ ਤਿਆਰ ਕੀਤਾ ਜਾਂਦਾ ਹੈ ਉਸ ਨੂੰ ਲੰਗਰ ਨਹੀਂ ਸਿਰਫ਼ ਢਿੱਡ ਭਰਨ ਲਈ ਭੋਜਨ ਹੀ ਕਿਹਾ ਜਾਣਾ ਚਾਹੀਦਾ ਹੈ। ਲੰਗਰ ਦੀ ਸੇਵਾ ਕਰਦਿਆਂ ਬੁਰੇ ਵਿਚਾਰਾਂ-ਵਿਕਾਰਾਂ ਅਤੇ ਕਲਾਹ ਕਲੇਸ਼ ਦੀਆਂ ਗੱਲਾਂ ਨਾਲ ਲੰਗਰ ਜੂਠਾ ਹੋ ਜਾਂਦਾ ਹੈ। ਇਸ ਜੂਠ ਦਾ ਪ੍ਰਹੇਜ਼ ਕਰਨਾ ਬਹੁਤ ਜ਼ਰੂਰੀ ਹੈ।

ਨਾਮ ਬਾਣੀ ਦੇ ਅਭਿਆਸੀਆਂ ਹੱਥੋਂ ਬਣਾਇਆ ਤੇ ਵਰਤਾਇਆ ਲੰਗਰ ਸਾਨੂੰ ਫਿਕਰਾਂ ਚਿੰਤਾਵਾਂ ਅਤੇ ਵਿਕਾਰਾਂ ਤੋਂ ਦੂਰ ਲਿਜਾ ਕੇ ਨਾਮ ਬਾਣੀ ਨਾਲ ਜੋੜਦਾ ਹੋਇਆ ਅਨੇਕਾਂ ਮਾਨਸਿਕ ਬੀਮਾਰੀਆਂ ਤੋਂ ਮੁਕਤ ਕਰਵਾ ਕੇ ਰੂਹਾਨੀ ਅਵਸਥਾ ਨੂੰ ਉੱਪਰ ਚੁੱਕਦਾ ਹੈ। ਇਥੇ ਹੀ ਬੱਸ ਨਹੀਂ ਸਰੀਰਕ ਬੀਮਾਰੀਆਂ ਦਾ ਨਾਸ ਕਰਕੇ ਤੰਦਰੁਸਤੀ ਦੀ ਦਾਤ ਦੀ ਵੀ ਪ੍ਰਾਪਤੀ ਹੁੰਦੀ ਹੈ।

* * * * *

(ਸੁਸ਼ੀਲ ਕੌਰ)



www.AKJ.Org

# ਸਿੱਖੀ ਵਿੱਚ ਕਰਮ ਅਤੇ ਧਰਮ

(ਰਜਿੰਦਰ ਸਿੰਘ ਵਿਦਿਆਰਥੀ)

ਮਨੁੱਖੀ ਜੀਵਨ ਦੇ ਦੋ ਵੱਡੇ ਗੁਣ, ਕਰਮ ਅਤੇ ਧਰਮ ਇਕ ਦੂਜੇ ਦੇ ਸਹਾਰੇ ਚਲਦੇ ਹਨ। ਜਿਵੇਂ ਪਵਿਤ੍ਰਤਾ ਵਾਲੇ ਧਰਮ ਤੋਂ ਬਿਨਾਂ ਕੀਤੇ ਕਰਮ ਹਉਮੈ ਦੀ ਪੰਡ ਹੀ ਬਣ ਜਾਂਦੇ ਹਨ, ਓਵੇਂ ਹੱਥੀਂ ਕੀਤੇ ਉਪਕਾਰੀ ਕਰਮਾਂ ਤੋਂ ਬਿਨਾਂ ਨਿਭਾਹੇ ਧਰਮ, ਕਿਤਾਬੀ ਕਹਾਣੀਆਂ ਵਾਂਝ ਪਰਤੀਤ ਹੁੰਦੇ ਹਨ।

ਇਹ ਮਹਾਨ ਸੱਚਾਈ, ਮਨੁੱਖ-ਮਾਤਰ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਨਾਨਕ ਦੇਵ ਜੀ, ਥਾਂ ਪੁਰ ਥਾਂ, ਦੂਰ ਦੁਰਾਡੇ ਲੰਮੇ ਸਫ਼ਰ ਝਾਕ ਕੇ ਵੀ ਜਾਂਦੇ ਰਹੇ। ਆਪ ਜੀ ਦਾ ਵਿਚਾਰ ਢੰਗ ਬੜਾ ਨਿਰਾਲਾ ਅਤੇ ਅਪਣਤ ਭਰਿਆ ਹੁੰਦਾ। ਓਹ ਜਿੱਥੇ ਵੀ ਜਾਂਦੇ, ਪਹਿਲਾਂ ਉਥੋਂ ਦੇ ਧਾਰਮਿਕ ਜਾਂ ਭਾਈ-ਚਾਰਕ ਆਗੂਆਂ ਨੂੰ ਮਿਲ ਕੇ ਕਿਸੇ ਨਾ ਕਿਸੇ ਬਹਾਨੇ ਪਰਸਪਰ ਗੱਲ-ਬਾਤ ਜਾਂ ਗਿਆਨ-ਗੋਸ਼ਟ ਦਾ ਅਵਸਰ ਬਣਾ ਲੈਂਦੇ। ਥੋੜ੍ਹੇ ਹੀ ਸਮੇਂ ਵਿਚ ਉਹਨਾਂ ਦੀ ਵਿਚਾਰ-ਧਾਰਾ ਨੂੰ ਕੋਈ ਨਵੀਂ ਅਤੇ ਚੰਗੇਰੀ ਸੇਧ ਦੇ ਕੇ ਮਨੋ-ਵਿਰਤੀ ਹੀ ਬਦਲ ਦੇਂਦੇ, ਜਿਸ ਨਾਲ ਉਨ੍ਹਾਂ ਦੀ ਨਵੀਂ ਕਥਣੀ ਅਤੇ ਕਰਣੀ ਤੋਂ ਨਿੱਘੇ ਪਿਆਰ ਅਤੇ ਸਰਬੱਤ ਦੇ ਭਲੇ ਦੀਆਂ ਝਲਕਾਂ ਲੱਸ ਲੱਸ ਕਰਦੀਆਂ ਦਿੱਸਣ ਲੱਗ ਜਾਂਦੀਆਂ। ਉਨ੍ਹਾਂ ਦੇ ਬਚਨਾਂ ਤੋਂ ਗੁਰੂ ਨਾਨਕ ਵਰਗੇ ਅੰਮ੍ਰਿਤ ਰਸ ਦੀ ਫੁਹਰ ਹੁੰਦੀ ਪ੍ਰਤੀਤ ਕਰ, ਲੋਗ ਸੁਤੇ-ਸਿੱਧ ਹੀ ਉਨ੍ਹਾਂ ਵਾਂਡੂ ਗੁਰੂ-ਨਾਨਕ-ਮਾਲਾ ਵਿੱਚ ਪਰੋਏ ਜਾਂਦੇ। 'ਸਿੱਖ' ਅਤੇ 'ਸਿੱਖੀ' ਦਾ ਆਰੰਭ ਹਰ ਥਾਂ, ਇਸੇ ਪਰਕਾਰ ਹੁੰਦਾ ਰਹਿੰਦਾ। ਹੋਰ ਵੀ ਪਕਿਆਈ ਲਈ ਗੁਰੂ ਦਾਤਾ ਉਥੋਂ ਅਗਲੇ ਪੜਾ ਨੂੰ ਜਾਣ ਤੋਂ ਪਹਿਲਾਂ, ਉਨ੍ਹਾਂ ਹੀ ਅਗੇਚਾਂ ਦੀ ਅਗਵਾਈ ਹੇਠ ਧਰਮਸਾਲ ਕਾਇਮ ਕਰ ਜਾਂਦੇ, ਸਤਿਸੰਗਤ ਦੀ ਪਿਰਤ ਵੀ ਨਾਲ ਹੀ ਇੰਝ ਚਾਲੂ ਕਰ ਜਾਂਦੇ।

**ਸਤਿਗੁਰ ਕੀ ਸੇਵਾ ਚਾਕਰੀ, ਜੇ ਚਲਹਿ ਸਤਿਗੁਰ ਭਾਇ।।**

(ਪੰਨਾ ੧੨੪੯)

**ਗੁਰ ਕੀ ਸੇਵਾ ਸਬਦੁ ਵੀਚਾਰੁ।। ਹਉਮੈ ਮਾਰੇ ਕਰਣੀ ਸਾਰੁ।।**

(ਪੰਨਾ ੨੨੩)

ਹਿਮਾਲਾ ਪਰਬੱਤ ਪਰ ਲੰਮੀਆਂ ਉਮਰਾਂ ਭੋਗ ਰਹੇ ਸਿੱਧ, ਯੋਗ ਸਾਧਨਾ ਨੂੰ ਹੀ ਸਰਬ-ਉੱਤਮ ਧਰਮ ਜਾਣ ਉਪਕਾਰੀ ਕਰਮਾਂ ਤੋਂ ਸੱਖਣੇ ਸਗੋਂ ਕਰਾਮਾਤਾਂ ਅਤੇ ਨਾਟਕ ਚੇਟਕਾਂ ਵਿੱਚ ਰੁੱਝੇ ਹੋਏ ਸਨ। ਇਸੇ ਹੰਕਾਰ ਦੀ ਮੱਦ ਵਿਚ ਉਨ੍ਹਾਂ ਗੁਰੂ ਨਾਨਕ ਨੂੰ "ਬਾਲਾ" (ਬੱਚਾ) ਕਹਿ ਕੇ ਸੱਦਿਆ ਅਤੇ ਨਾਲ ਹੀ ਗਿਆਨ-ਗੋਸ਼ਟ ਇਸ ਮੰਤਵ ਲਈ ਆਰੰਭ ਦਿੱਤੀ ਕਿ ਇੰਝ ਉਨ੍ਹਾਂ ਨੂੰ ਜੋਗ-ਮਤਿ ਵਿਚ ਪਰਵਿਰਤ ਕਰ ਲੈਣ। ਐਪਰ ਗੁਰੂ ਜੀ ਤਾਂ ਉਨ੍ਹਾਂ ਲਈ ਕੋਈ ਹੋਰ ਵੀ ਚੰਗੇਰਾ ਸੁਨੇਹਾ ਲੈ ਕੇ ਆਏ ਸੀ। ਉਨ੍ਹਾਂ ਬੜੀ ਮਿੱਠਤ ਭਰੇ ਬਚਨਾਂ ਨਾਲ ਸੱਚ ਦੇ ਸਹੀ ਅਦਰਸ਼ ਸੁਣਾ ਕੇ ਉਲਟ ਯੋਗੀਆਂ ਦੇ ਹਿਰਦੇ ਕੀਲ ਦਿੱਤੇ। ਉਹ ਨਿਰੁੱਤਰ ਹੋ ਕੇ ਪਛੋਤਾਏ ਅਤੇ ਅਨੁਭਵ ਕਰਨ ਲੱਗੇ ਕਿ ਇੰਝ ਬਨਵਾਸੀ ਬਣ ਕੇ ਸਾਧਾਰਨ ਤੇ ਸਦਾਚਾਰੀ ਜੀਵਨ ਤੋਂ ਉਹ ਚੋਰਾਂ ਵਾਂਙ ਭੱਜ ਕੇ ਪਹਾੜਾਂ ਵਿੱਚ ਲੁਕੇ ਤਾਂ ਬੈਠੇ ਹਨ ਪਰ ਜਗਤ-ਪਿਤਾ ਪਰਮੇਸ਼ਰ ਦੀ ਨਜ਼ਰ ਵਿੱਚ ਦੇਣਦਾਰ ਹੋ ਕੇ ਅਸਲ ਵਿੱਚ ਅਧਰਮੀ ਹੀ ਹਨ।

**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।।**

(ਪੰਨਾ ੪੬੯)

ਦੂਜੇ ਪਾਸੇ ਬਹੁਤ ਕਰਮ-ਕਾਂਡ, ਜੰਤ੍ਰ ਮੰਤ੍ਰ ਅਤੇ ਸ਼ਰਆ, ਟੂਣੇ ਤਵੀਤ, ਕਬਰਾਂ ਮਸਾਣਾਂ ਪਰ ਦੀਵੇ ਜਗਾਣੇ, ਇਨ੍ਹਾਂ ਨੂੰ ਹੀ ਧਰਮੀ ਕਰਮ ਦੀ ਸਿੱਖਿਆ ਦੱਸ ਕੇ ਜਨਤਾਂ ਨੂੰ ਸਰਬ-ਸ਼ਕਤੀ-ਮਾਨ ਅਤੇ ਸਰਬ ਵਿਆਪੀ ਈਸ਼ਵਰ ਦੀ ਪ੍ਰੇਮਾਂ-ਭਗਤੀ ਤੋਂ ਵਿਛੋੜਨ ਵਾਲੇ ਪਾਂਡੇ ਅਤੇ ਮੌਲਾਣੇ ਜਨਤਾ ਨੂੰ ਕੁਰਾਹੇ ਪਾ ਕੇ ਵੀ ਆਦਰ ਮਾਣ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵੀ ਮਿਲ ਕੇ ਦੱਸਿਆ ਕਿ ਉਹ ਬੜੇ ਭਿਆਨਕ ਭੁਲੇਖੇ ਵਿੱਚ ਆਪ ਵੀ ਅਤੇ ਹੋਰਨਾਂ ਨੂੰ ਵੀ, ਵੱਡੇ ਸਭਾਗ ਨਾਲ ਪ੍ਰਾਪਤ ਹੋਏ ਮਨੁੱਖਾਂ ਜਨਮ ਨੂੰ ਕਿ ਜਿਸ ਰਾਹੀਂ ਵਾਹਿਗੁਰੂ ਜੀ ਨਾਲ ਮਿਲਾਪ ਹੋਣਾ ਸੀ, ਸਗੋਂ ਨਸ਼ਟ ਕਰ ਕੇ ਉਨ੍ਹਾ ਦਾ ਆਵਾਗਉਣ ਦਾ ਚੱਕਰ ਵਧਾ ਰਹੇ ਹਨ। ਜਿਨ੍ਹਾਂ ਦੇ ਭਾਗ ਚੰਗੇ ਸਨ ਉਨ੍ਹਾਂ ਗੁਰੂ ਦੀ ਮਤਿ ਦੀ ਕਦਰ ਕੀਤੀ ਅਤੇ ਸੱਚੇ ਰੱਬ ਜੀ ਦੀ ਭਗਤੀ ਦੇ ਧਰਮ ਨੂੰ ਕਰਮ ਕਾਂਡਾਂ ਦੀ ਥਾਂ ਅਪਣਾ ਲਿਆ।

**ਧੰਧੈ ਧਾਵਤ ਜਗੁ ਬਾਧਿਆ ਨ ਬੁਝੈ ਵੀਚਾਰੁ।।**
**ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ।।**
**ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰੁ।।**

(ਪੰਨਾ ੧੦੧੦)

ਗੁਰੂ ਨਾਨਕ ਦੀ ਸਿੱਖਿਆ ਬੜੀ ਸਿੱਧ-ਪੱਧਰੀ ਅਤੇ ਹਰ ਮਨੁੱਖ ਦੀ ਸਾਧਾਰਨ ਸਮਝ ਅਤੇ ਪਹੁੰਚ ਦੀ ਮੱਦ ਅੰਦਰ ਹੋਣ ਕਰ ਕੇ, ਉਹ ਜਿੱਥੇ ਵੀ ਗਏ, ਜਿਸ ਕਿਸੇ ਨੇ ਵੀ ਉਨ੍ਹਾਂ ਦੇ ਰੱਬੀ ਸੁਣੇਹੇ ਸੁਣੇ, ਉਹ ਉਨ੍ਹਾਂ ਦੇ ਪ੍ਰਤਿ-ਘੇਰੇ ਅੰਦਰ ਆ ਗਏ। ਉੱਤਰ ਵਿੱਚ ਤਿੱਬਤ ਤੋਂ ਲੈ ਕੇ ਦੱਖਣ ਸੰਗਲਾਦੀਪ (ਲੰਕਾ) ਤੱਕ, ਪੂਰਬ ਵਿੱਚ ਆਸਾਮ ਤੋਂ ਲੈ ਕੇ ਪੱਛਮ ਦੇ ਮੱਕਾ ਮਦੀਨਾ ਅਤੇ ਬਗਦਾਦ,



www.AKJ.Org

ਹਰ ਥਾਂ ਨਾਨਕ ਨਿਰੰਕਾਰੀ ਜੀ ਦੇ ਵਰੋਸਾਏ ਅਣਗਿਣਤ ਪ੍ਰਾਣੀਆਂ ਨੂੰ ਸੱਚੇ ਮਾਰਗ ਪਰ ਲਿਆਉਣ ਦੀਆਂ ਸਾਖੀਆਂ, ਅਸਥਾਨ ਅਤੇ ਨਿਸ਼ਾਨ ਹਾਲੇ ਤੀਕ ਉਨ੍ਹਾਂ ਦੀ ਪਵਿੱਤਰ ਯਾਦ ਦਵਾ ਰਹੇ ਹਨ।

ਜਿਸ ਤਰ੍ਹਾਂ ਵਾਹਿਗੁਰੂ ਜੀ ਦੇ ਪਿਆਰ ਵਿੱਚ ਮਸਤ ਹੋ ਕੇ ਗੁਰੂ ਨਾਨਕ ਜੀ ਰੱਬੀ ਸੁਨੇਹੇ, (ਗੁਰਬਾਣੀ) ਮਧੁਰ ਰਾਗ-ਰਾਗਨੀਆਂ ਵਿੱਚ ਸੁਣਾ ਕੇ ਲੋਕਾਂ ਦਾ ਉਧਾਰ ਕਰਦੇ, ਉਨ੍ਹਾਂ ਤੋਂ, "ਦੀਵੇ ਨਾਲ ਜਗੇ ਦੀਵਾ" ਜੋਤਿ ਸਰੂਪ ਹੋਰ ਨੌਂ ਸਤਿਗੁਰਾਂ ਨੇ ਉਸੇ ਮਹਾਨ ਕਾਰਜ ਨੂੰ ਜਾਰੀ ਰੱਖਿਆ। ਗੁਰਮਤਿ ਦੀ ਇਹੀ ਪਰਤੱਖ ਕਰਾਮਾਤ ਹੈ।

**ਪ੍ਰਗਟ ਜੋਤਿ ਜਗਮਗੀ, ਤੇਜ ਭੂਅ ਮੰਡਲਿ ਛਾਯਉ।।**
**ਪਾਰਸੁ ਪਰਸਿ, ਪਰਸੁ ਪਰਸਿ ਗੁਰਿ ਗੁਰੂ ਕਹਾਯਉ।।**

(ਪੰਨਾ ੧੪੦੮)

ਐਨ ਉਸੇ ਹੀ ਮਹਾ-ਰੱਸ ਨੂੰ ਸਦੀਵੀ ਅਤੇ ਸ਼ੁੱਧਤਾ ਨਾਲ ਨਿਪੁੰਨ ਰੱਖਣ ਲਈ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੈਸੀ ਹੀ ਵਡਿਆਈ ਪ੍ਰਾਪਤ ਹੈ, ਜੋ ਹਮੇਸ਼ਾਂ ਰਹੇਗੀ।

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।।**
**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।।**

(ਪੰਨਾ ੭੫੯)

ਇਨ੍ਹਾਂ ਤੋਂ ਪਵਿਤਰਤਾਂ ਭਰੇ ਧਰਮ ਅਤੇ ਸਤਿਵਾਦੀ ਕਰਮਾਂ ਦੀ ਜਾਚ ਅਤੇ ਸੁਚੱਜੀ ਅਗਵਾਈ, ਹਰ ਮਨੁੱਖ ਬਿਨਾ ਕਿਸੇ ਜਾਤ, ਨਸਲ, ਰੰਗ, ਊਚ-ਨੀਚ ਦੇ ਭੇਦ-ਭਾਵ ਤੋਂ, ਇੱਕੋ ਪਿਤਾ ਦੇ ਬੱਚਿਆਂ ਵਾਂਝ ਕਦੇ ਵੀ ਲੈ ਸਕਦਾ ਹੈ।

**ਭਨਤਿ ਨਾਨਕ ਕਰੇ ਵੀਚਾਰੁ।।**
**ਸਾਚੀ ਬਾਣੀ ਸਿਉ ਧਰੇ ਪਿਆਰੁ।।**
**ਤਾ ਕੋ ਪਾਵੈ ਮੋਖ ਦੁਆਰੁ।।**
**ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ।।**

(ਪੰਨਾ ੬੬੧)

* * * * *

## ਬਿਬੇਕੀ ਸਿੰਘ ਸਿੰਘਣੀ ਦੇ ਗੁਣ

੧. ਪੰਜ ਪਿਆਰਿਆਂ ਤੋਂ ਨਾਮ ਦ੍ਰਿੜ੍ਹ ਕਰਾਉਣ ਤੋਂ ਪਿਛੋਂ ਉਹ ਅੰਮ੍ਰਿਤ ਵੇਲੇ ਦੋ ਵਜੇ ਉਠਦਾ ਹੋਵੇ। ਪੂਰਾ ਇਸ਼ਨਾਨ ਕਰਨ ਪਿਛੋਂ ਪੰਜ ਵਜੇ ਤਕ ਨਾਮ ਜਪੇ। ਫਿਰ ਘਟੋ ਘਟ ਨਿਤਨੇਮ ਕਰਕੇ ਗੁਰਦੁਆਰੇ ਨਮਸਕਾਰ ਕਰਕੇ ਸੰਸਾਰਕ ਕਾਰ-ਵਿਹਾਰ ਕਰੇ। ਸਾਰੀ ਦਿਹਾੜੀ ਕਾਰ ਵਿਹਾਰ ਕਰਦਾ ਹੋਇਆ ਵੀ ਗੁਰਮਤਿ ਨਾਮ ਨੂੰ ਹਿਰਦੇ ਵਿਚ ਵਸਾਈ ਰੱਖੇ। ਇਸ ਤਰ੍ਹਾਂ ਹੀ ਸ਼ਾਮ ਦਾ ਨਿਤਨੇਮ ਤੇ ਅਰਦਾਸ ਕਰੇ। ਸੱਚੀ ਬਿਬੇਕਤਾ ਨਾਮ ਜਪਣ ਵਿਚ ਹੀ ਹੈ।

੨. ਨਾਮ ਦੀ ਬਿਬੇਕਤਾ ਦੇ ਨਾਲ ਅੰਦਰਲੀਆਂ ਤੇ ਬਾਹਰਲੀਆਂ ਰਹਿਤਾਂ ਰੱਖਣ ਵਿਚ ਦ੍ਰਿੜ੍ਹਤਾ ਧਾਰਨ ਕਰੋ, ਭਾਵੇਂ ਦੁਨੀਆਂ ਕੁਝ ਕਹੇ।

੩. ਨਾਮ ਦੀ ਤੇ ਅੰਦਰਲੀ-ਬਾਹਰਲੀ ਰਹਿਤ ਦਾ ਸਦਕਾ ਸਰੀਰ ਦੇ ਹਰ ਅੰਗ ਦੀ ਹਰਕਤ ਵਿਚ ਬਿਬੇਕਤਾ ਦਾ ਆਉਣਾ ਜ਼ਰੂਰੀ ਹੈ, ਜਿਵੇਂ- ਹਰ ਪਰਾਈ ਇਸਤਰੀ ਨੂੰ ਮਾਤਾ-ਭੈਣ-ਧੀ ਸਮਝ ਕੇ ਸਤਿਕਾਰਨਾ ਤੇ ਦੇਖ ਸਕਣਾ ਜਾਂ ਹਰ ਪਰਾਏ ਪੁਰਸ਼ ਨੂੰ ਪਿਤਾ, ਭਰਾ, ਪੁਤਰ ਦੀ ਦ੍ਰਿਸ਼ਟੀ ਨਾਲ ਦੇਖ ਸਕਣਾ।

੪. ਜ਼ਬਾਨ ਦੇ ਰਸਾਂ ਕਸਾਂ ਤੋਂ ਬੱਚ ਸਕਣਾ ਤੇ ਖਾਣ ਪੀਣ ਦੀ ਸਾਂਝ ਕੇਵਲ ਗੁਰਸਿੱਖਾਂ ਨਾਲ ਰਖਣੀ, ਕੰਨ-ਰਸ ਤੇ ਨਿੰਦਾ ਚੁਗਲੀ ਤੋਂ ਵੀ ਦੂਰ ਰਹਿਣਾ।

੫. ਖ਼ੂਨ ਦੀ ਸਾਂਝ (ਰਿਸ਼ਤੇ ਨਾਤੇ) ਕੇਵਲ ਗੁਰਸਿੱਖਾਂ ਨਾਲ ਰੱਖਣੇ।

੬. ਲਿਬਾਸ ਅਜਿਹਾ ਪਾਉਣਾ ਕਿ ਗੁਰਸਿੱਖੀ ਦੀ ਖ਼ੁਸ਼ਬੂ ਆਵੇ।

੭. ਸਚਾਈ ਲਈ ਜਾਂ ਗੁਰਮਤਿ ਅਸੂਲ ਲਈ ਡੱਟ ਸਕਣਾ।

੮. ਝੂਠੇ ਦਿਖਾਵੇ ਦੇ ਪਖੰਡ ਤੋਂ ਬਚਣ ਦੀ ਦਲੇਰੀ ਕਰ ਸਕਣੀ।

੯. ਆਪ ਸ਼ੁੱਭ ਕਰਮ ਕਰਨੇ ਤੇ ਹੋਰਨਾਂ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਨਾ।

੧੦. ਜੀਵਨ ਦੇ ਹਰ ਕਰਮ ਖਾਣ, ਪੀਣ, ਤੁਰਨ ਫਿਰਨ, ਹੱਸਣ ਖੇਡਣ, ਦੇਖਣ, ਸੁੰਘਣ, ਭੋਗਣ ਵਿਚ ਸੰਜਮਧਾਰੀ ਬਣਨਾ।

੧੧. ਤੇ ਸਭ ਤੋਂ ਵੱਡੀ ਗਲ ਇਹ ਹੈ ਕਿ ਗੁਰੂ ਦਾ ਹੁਕਮੀ ਬੰਦਾ ਬਣ ਕੇ, ਭਾਣੇ ਵਿਚ ਚਲਦੇ ਹੋਇਆਂ, ਹਉਮੈ ਰਹਿਤ ਜੀਵਨ ਜੀਊਣਾ।

(ਸੂਰਾ, ਅਗਸਤ ੧੯੮੯ ਵਿੱਚੋਂ)



www.AKJ.Org

# ਖੁੱਲ੍ਹੀ ਚਿੱਠੀ ਬਾਬੇ ਨਾਨਕ ਦੇ ਨਾਂ

(ਸ: ਸ਼ੇਰ ਸਿੰਘ 'ਸ਼ੇਰ', ਐਮ. ਏ., ਐਮ. ਐਸ. ਸੀ.)

ਦਇਆ ਦੇ ਦਾਤੇ ਤੇ ਮਨੁਖਤਾ ਦੇ ਸਰਬ ਸਾਂਝੇ ਗੁਰੂ ਨਾਨਕ ਸਾਹਿਬ ਜੀਉ !

**ਵਾਹਿਗੁਰੂ ਜੀ ਕਾ ਖ਼ਾਲਸਾ. ਵਾਹਿਗੁਰੂ ਜੀ ਕੀ ਫਤਹਿ।**

ਤੁਹਾਡੇ ਜਿਹੇ ਅਦੁਤੀ ਵਿਅਕਤੀ ਨੂੰ ਚਿੱਠੀ ਲਿਖਣ ਲੱਗਿਆਂ ਮੇਰਾ ਦਿਲ ਵੀ ਕੰਬਦਾ ਹੈ ਤੇ ਕਮਲ ਵੀ, ਪਰ ਫਿਰ ਵੀ ਫੈਸਲਾ ਕੀਤਾ ਹੈ ਕਿ ਤੁਹਾਡਾ ਮਾਮੂਲੀ ਜਿਹਾ ਸਿੱਖ ਹੋਣ ਦੇ ਸਦਕਾ, ਮੈਂ ਦਿਲ ਦੀ ਗੱਲ ਤੁਹਾਡੇ ਨਾਲ ਕਰ ਹੀ ਲਵਾਂ। ਵੈਸੇ ਵੀ ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਤੁਹਾਡੇ ਉਚਾਰੇ ਤੇ ਲਿਖੇ ਹੋਏ ਸ਼ਬਦਾਂ ਰਾਹੀਂ ਤੁਹਾਡੇ ਨਾਲ ਗੱਲਾਂ ਕਰਦੇ ਹਾਂ। ਮੈਨੂੰ ਪੱਕੀ ਆਸ ਹੈ ਕਿ ਮੇਰੇ ਦਿਲ ਦੀ ਇਸ ਆਵਾਜ਼ ਨੂੰ, ਅਰਦਾਸ ਜਾਣ ਕੇ ਧਿਆਨ ਨਾਲ ਸੁਣੋਗੇ ਅਤੇ ਦੇਸ਼, ਮਨੁੱਖਤਾ ਤੇ ਸਿੱਖ ਪੰਥ ਦੀ ਵਿਗੜੀ ਸਵਾਰੋਗੇ।

ਇਤਿਹਾਸ ਤੇ ਤੁਹਾਡੀ ਰਚੀ ਹੋਈ ਬਾਣੀ ਪੜ੍ਹਕੇ ਪਤਾ ਲੱਗਦਾ ਹੈ ਕਿ ਜਦੋਂ ਤੁਸੀਂ ਇਸ ਸੰਗਤ ਵਿਚ ਆਏ ਸਉ, ਹਿੰਦੁਸਤਾਨ ਧਾਰਮਿਕ, ਸਦਾਚਾਰਕ, ਸਭਿਆਚਾਰਕ, ਆਰਥਕ ਤੇ ਰਾਜਸੀ ਸਮੱਸਿਆਵਾਂ ਹੇਠ ਦੱਬਿਆ ਹੋਇਆ, ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ, ਬੁਜ਼ਦਿਲੀ ਤੇ ਬੇਬਸੀ ਨਾਲ ਨਿਢਾਲ ਹੋ ਚੁੱਕਾ, ਬਦੇਸ਼ੀ ਹਮਲਾਵਰਾਂ ਦੀ ਹਿੰਮਤ ਸਾਹਮਣੇ ਹੰਭਿਆਂ ਹੋਇਆ, ਅੱਤਿਆਚਾਰ ਅਤੇ ਅਨਿਆਂ ਦੀਆਂ ਅਣੀਆਂ ਨਾਲ ਵਿੰਨਿਆ ਹੋਇਆ, ਮੁੱਲਾਂ ਮੁਲਾਣਿਆਂ ਅਤੇ ਪੰਡਤਾਂ, ਪਾਂਧਿਆਂ ਦਿਆਂ ਮਜ਼੍ਹਬੀ ਝਗੜੇ-ਝੇੜਿਆਂ ਹੁੱਜਤਾਂ ਵਿਚ ਵਿਹੜਿਆ ਹੋਇਆ, ਪਾਖੰਡ ਦੇ ਗਿੱਲੇ ਪੀਹਣ ਵਿਚ ਪੀਠਿਆ ਹੋਇਆ, ਅੰਨ੍ਹੇ ਆਗੂਆਂ ਦੀ ਅਗਵਾਈ ਦਾ ਸ਼ਿਕਾਰ ਹੋ ਚੁਕਾ, ਔਰਤ ਜ਼ਾਤ ਦੀ ਦੁਰਦਸ਼ਾ ਅਤੇ ਦੁਰਬਲਤਾ ਦੇ ਚੀਕ ਚਿਹਾੜੇ ਤੋਂ ਬੋਲਾ ਹੋ ਚੁਕਾ, ਸਵੈਮਾਨ ਨੂੰ ਛਿੱਕੇ ਤੇ ਟੰਗ ਕੇ ਸਵਾਰਥ ਦਾ ਸਾਥੀ ਬਣਿਆ ਹੋਇਆ, ਖੋਹ-ਘਸੀਟ ਤੇ ਧੱਕੇ ਧੋੜੇ ਦੇ ਰਾਜ ਹੇਠ ਲਿਤਾੜਿਆ ਹੋਇਆ, ਇਨਸਾਫ਼ ਤੋਂ ਖਾਲੀ ਪਰ ਵੱਢੀ ਖੋਰੀ ਨਾਲ ਵੀਂਢਿਆ ਹੋਇਆ, ਗਿਆਨ ਤੋਂ ਦੂਰ ਪਰ ਅਗਿਆਨਤਾ ਦੇ ਹਨ੍ਹੇਰੇ ਵਿਚ ਠੋਕਰਾਂ ਖਾਂਦਾ, ਦਾਹੀਂ ਮਾਰਦਾ ਅਤੇ ਮਜਬੂਰੀ ਜਾਂ ਮੁਸੀਬਤਾਂ ਵਿਚ ਵਕਤ ਸਾਰਦਾ ਅਤੇ ਔਖਾ ਸੀ।

ਤੁਸਾਂ ਇਹ ਸਭ ਕੁਝ ਜੋਹਿਆ, ਜੋਖਿਆ ਤੇ ਘੋਖਿਆ ਅਤੇ ਤੁਸੀਂ ਸੱਚ ਦਾ ਸੁਨੇਹਾ ਦੇਣ ਲਈ ਮੰਦਰਾਂ ਵਿਚ ਵੀ ਗਏ ਤੇ ਮਸੀਤਾਂ ਵਿਚ ਵੀ। ਤੁਸਾਂ ਗ੍ਰਹਿਸਤੀਆਂ, ਕਾਮਿਆਂ, ਕਿਰਤੀਆਂ, ਕਿਸਾਨਾਂ, ਤਿਆਗੀਆਂ ਤੇ ਵੈਰਾਗੀਆਂ, ਸਾਧਾਂ ਤੇ ਸੰਤਾਂ, ਸਿਧਾਂ, ਸੌਦਾਗਰਾਂ, ਸਿਪਾਹੀਆਂ ਤੇ ਸਿਪਾਹ-ਸਾਲਾਰਾਂ, ਦੌਲਤ ਦੇ ਦੀਰਘ ਰੋਗ ਨਾਲ ਦਬੇ ਹੋਏ ਦੁਨੀ ਚੰਦ ਜਿਹੇ ਸੇਠਾਂ, ਭਾਈ ਲਾਲੋ ਜਿਹੇ ਖਟ-ਘਾਲ ਦੀ ਕਮਾਈ ਖਾਣ ਵਾਲੇ ਮਨੁੱਖਤਾ ਦੇ ਲਾਲਾਂ, ਮਲਕ ਭਾਗੋ ਜਿਹੇ ਮਾਇਆ ਦੇ ਮਾਨਮਤਿਆ ਤੇ ਵਿਹਲੜ ਸਮਾਜਿਕ ਚਿੱਚੜਾਂ, ਕੁਰੂਕੁਸ਼ੇਤਰ, ਹਰਦੁਵਾਰ, ਮਥਰਾ, ਬਿੰਦਰਾਬਨ, ਕਾਸ਼ੀ, ਗਯਾ ਤੇ ਜਗਨਾਥ ਦੇ ਪੰਡਤਾਂ, ਪਾਂਡਿਆਂ ਤੇ ਪਾਂਧਿਆਂ, ਸਮੇਰ ਪਰਬਤ ਦੇ ਸਿੱਧਾਂ, ਅਚਲ ਵਟਾਲੇ ਦੇ ਅਤੀਤ ਨਾਥਾਂ, ਗੋਰਖ ਟਿੱਲੇ, ਗੋਰਖਹਟੜੀ ਤੇ ਗੋਰਖ ਮਤੇ ਦੇ ਜਤੀਆਂ ਤੇ ਜੋਗੀਆਂ ਜੰਗਮਾਂ, ਭਗਤ ਰਵਿਦਾਸ, ਭਗਤ ਕਬੀਰ, ਭਗਤ ਜੈਦੇਵ ,ਭਗਤ ਧੰਨਾ ਤੇ ਭਗਤ ਨਾਮਦੇਵ ਦੇ ਚੇਲਿਆਂ, ਮੱਕੇ, ਮਦੀਨੇ, ਬਗਦਾਦ, ਪਾਕਪਟਨ ਤੇ ਮੁਲਤਾਨ ਦੇ ਕਾਜ਼ੀਆਂ, ਨਮਾਜ਼ੀਆਂ, ਹਾਜੀਆਂ, ਹਾਫਜ਼ਾਂ, ਪਾਰਸਾਵਾਂ, ਪਰਹੇਜ਼ਗਾਰਾਂ, ਆਬਿਦਾਂ, ਆਮਿਲਾਂ, ਉਜੱਡਾਂ, ਵਹਦਤ ਪ੍ਰਸਤਾਂ, ਵੇਅਰਥ-ਵਹਿਮੀਆਂ, ਸਚੀ ਮਨੁੱਖੀ ਮੁਹੱਬਤ ਵਾਲੇ ਸੱਚੇ ਮੋਮਨਾਸ ਮਜ਼੍ਹਬੀ ਮੁਤਅਸਬਾਂ, ਸਭ ਨੂੰ ਘੂਰੀ ਘੱਪੇ ਜਾਂ ਘਿਰਣਾ ਨਾਲ ਨਹੀਂ, ਸੱਚ ਦੀ ਸ਼ਕਤੀ, ਪਿਆਰ ਤੇ ਪ੍ਰੇਰਨਾ ਨਾਲ ਸੋਧਿਆ ਤੇ ਸਿਧੇ ਰਾਹ ਪਾਇਆ।

ਸਿਖ ਇਤਿਹਾਸ ਤੋਂ ਜਾਣੂ ਸਾਰੇ ਲੋਕ ਹੀ ਜਾਣਦੇ ਨੇ ਕਿ ਤੁਸਾਂ ਇਕੋ ਆਤਮਕ ਜੋਤ ਨਾਲ ਦਸਾਂ ਗੁਰੂਆਂ ਦੇ ਸਰੀਰਕ ਰੂਪ ਵਿਚ ਆਪਣੇ ਆਦਰਸ਼ ਨੂੰ ਅਮਲੀ ਜਾਮਾ ਪਾਇਆ। ਤੁਹਾਡੀ ਉਮਤ ਜਾਂ ਸਿਖੀ ਦੀ ਸਾਂਝ ਤੇ ਭਰੋਸੇ ਵਾਲੇ, ਭਾਈ ਤੇ ਸਿਖ ਦੀ ਪਦਵੀ ਤੋਂ ਸਿੰਘ ਸਰਦਾਰ, ਸੰਤ, ਸਿਪਾਹੀ ਤੇ ਅੰਤ ਖਾਲਸਾ ਬਣ ਕੇ ਸੰਤ-ਸਿਪਾਹੀ ਦੇ ਸੁਮੇਲ ਦੇ ਰੁਤਬੇ ਤਕ ਪਹੁੰਚੇ। ਤੁਸਾਂ ਬਰਾਹਮਣਵਾਦ ਤੇ ਹਿੰਦੂਮਤ ਦੀ ਘ੍ਰਿਣਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਮਾਰੇ ਹੋਏ ਨੀਚਾਂ ਤੇ ਸੂਦਰਾਂ ਨੂੰ ਅੰਮ੍ਰਿਤ ਛਕਾ ਕੇ, ਉੱਚਾ, ਸੁੱਚਾ ਤੇ 'ਖਾਲਸਾ' ਦਾ ਅਸਥਾਨ ਬਖਸ਼ਿਆ।

ਬਾਬਾ ਜੀ ! ਕਈ ਲੋਕਾਂ ਦੇ ਅੰਦਰ ਭਰਮ ਹੈ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੋ ਵਖ-ਵਖ ਜੋਤਾਂ ਸਨ ਤੇ ਉਹਨਾਂ ਦੀ ਵਿਚਾਰ ਧਾਰਾ ਤੇ ਕੰਮ-ਵੰਡ



www.AKJ.Org

ਵੀ ਵਖ- ਵਖ ਸੀ। ਦਸਮੇਸ਼ ਜੀ ਦਾ ਅੰਮ੍ਰਿਤ ਤਿਆਰ ਕਰਕੇ ਸਿਖਾਂ ਨੂੰ ਛਕਾ ਕੇ, ਸਿੰਘ ਤੇ ਖਾਲਸਾ ਬਨਾਣ ਤੇ ਖਾਲਸਾ ਪੰਥ ਸਾਜਣ ਨੂੰ ਤਾਂ ਬਿਲਕੁਲ ਹੀ ਤੁਹਾਡੇ ਤੋਂ ਵਖਰਾ ਪ੍ਰੋਗਰਾਮ ਸਮਝਿਆ ਜਾਂਦਾ ਹੈ। ਪਰ ਬਾਬਾ ਨਾਨਕ ਜੀ ! ਮੈਂ ਤਾਂ ਇਤਿਹਾਸ ਤੇ ਗੁਰਬਾਣੀ ਨੂੰ ਆਪਣੀ ਤੁੱਛ ਬੁੱਧੀ ਅਨੁਸਾਰ ਪੜ੍ਹ ਤੇ ਘੋਖ ਕੇ ਸਮਝ ਲਿਆ ਹੈ ਕਿ ਖਾਲਸਾ ਪੰਥ ਸਾਜਣ ਦਾ ਕੰਮ ਤੁਸਾਂ ਦਸਵੇਂ ਜਾਮੇ ਵਿਚ ਐਨ ਉਸੇ ਤਰ੍ਹਾਂ ਹੀ ਸਿਰੇ ਚਾਹੜਿਆ ਜਿਵੇਂ ਤੁਸਾਂ ਗੁਰੂ ਨਾਨਕ ਦੇ ਪਹਿਲੇ ਜਾਮੇ ਵਿਚ ਸਾਫ ਸਾਫ ਦਸਿਆ ਤੇ ਸਮਝਾਇਆ, ਜਿਸ ਦੇ ਕਾਰਨ ਭਾਈ ਗੁਰਦਾਸ ਸਿਖੀ ਦੇ ਸਭ ਤੋਂ ਵਡੇ ਵਿਦਵਾਨ ਸਿਖ ਨੇ ਲਿਖਿਆ ਹੈ-

**'ਮਾਰਿਆ ਸਿਕਾ ਜਗਤ ਵਿਚ**
**ਨਾਨਕ ਨਿਰਮਲ ਪੰਥ ਚਲਾਇਆ।'**

ਨਿਰਮਲ ਪੰਥ ਤੇ ਖਾਲਸਾ ਪੰਥ ਦਾ ਅਰਥ ਇਕੋ ਹੀ ਹੈ, ਤੁਸਾਂ ਆਪਣੀ ਆਤਮਕ ਜੋਤ ਭਾਈ ਲਹਿਣੇ ਦੇ ਸਰੀਰ ਵਿਚ ਜਗਾ ਕੇ ਉਹਨਾਂ ਨੂੰ ਅੰਗਦ (ਅੰਗੇ-ਖੁਦ) ਦਾ ਨਾਂ ਬਖਸ਼ਿਆ ਸੀ ਤਾਂ ਤੁਸਾਂ ਗੁਰੂ ਗੋਬਿੰਦ ਸਿੰਘ ਦੇ ਰੂਪ ਤੇ ਦਸਵੇਂ ਨਾਨਕ ਦੀ ਹੈਸੀਅਤ ਵਿਚ ਖਾਲਸਾ ਪੰਥ ਸਾਜ ਕੇ ਲਿਖਿਆ ਸੀ:-

**'ਖਾਲਸਾ ਮੇਰੋ ਰੂਪ ਹੈ ਖਾਸ।'**

ਦੁਨੀਆਂ ਦੇ ਕਈ ਵਿਦਵਾਨਾਂ ਨੇ ਅੰਮ੍ਰਿਤ ਤਿਆਰ ਕਰਨ, ਛਕਾਣ ਤੇ ਖਾਲਸਾ ਸਾਜਣ ਦੀਆਂ ਸ਼ਰਤਾਂ ਤੇ ਆਦਰਸ਼ਾਂ ਨੂੰ ਬੜੀ ਅਲੋਕਿਕ ਮਹੱਤਤਾ ਤੇ ਮਹਾਨਤਾ ਦਿੱਤੀ ਹੈ ਪਰ ਨਾਲ ਇਹ ਵੀ ਸਮਝਦੇ ਨੇ ਕਿ ਇਸ ਕਾਰਜ ਨੂੰ ਸਿਰੇ ਚਾਹੜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂਆਂ ਤੇ ਖਾਸ ਕਰ ਗੁਰੂ ਨਾਨਕ ਤੋਂ ਬਹੁਤ ਦੁਰਾਡੇ ਤੇ ਅੱਡਰਾ ਰਾਹ ਅਪਣਾਇਆ। ਇਹ ਗਲ ਸਰਾਸਰ ਗਲਤ ਹੈ ਕਿਉਂਕਿ ਤੁਸਾਂ ਪਹਿਲੇ ਜਾਮੇ ਵਿਚ ਹੀ ਫੁਰਮਾਇਆ ਸੀ ਜੋ ਗੁਰੂ ਗਰੰਥ ਸਾਹਿਬ ਦੇ ਸਫਾ ੧੪੧੨ ਤੇ ਦਰਜ ਹੈ-

**'ਜਉ ਤਉ ਪ੍ਰੇਮ ਖੇਲਣ ਕਾ ਚਾਉ ।**
**ਸਿਰੁ ਧਰਿ ਤਲੀ ਗਲੀ ਮੇਰੀ ਆਉ।**
**ਇਤੁ ਮਾਰਗਿ ਪੈਰੁ ਧਰੀਜੈ।**
**ਸਿਰੁ ਦੀਜੈ ਕਾਣਿ ਨ ਕੀਜੈ।'**

ਤੁਸਾਂ ਗੁਰੂ ਨਾਨਕ ਦੇ ਰੂਪ ਵਿਚ ਸਿੱਖਾਂ ਨੂੰ ਸਚ ਦੇ ਰਾਹ ਜਾਂ ਪੰਥ ਤੇ ਚਲਣ ਲਈ ਇਹ ਵੰਗਾਰ ਪਾਈ ਤਾਂ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ੧੬੯੯ ਈਸਵੀ ਦੀ ਵੈਸਾਖੀ ਦੇ ਲੱਗੀ ਦੀਵਾਨ ਵਿਚ ਨੰਗੀ ਤਲਵਾਰ ਦੇ ਲਿਸ਼ਕਾਰੇ ਨਾਲ ਸਿਖਾਂ ਤੋਂ ਸਿਰਾਂ ਦੀ ਮੰਗ ਕੀਤੀ ਕਿਉਂਕਿ ਜੀਵਨ ਕੁਰਬਾਨ ਕਰਨਾ ਸਚੇ ਪਰੇਮ ਦੀ ਖੇਡ ਦਾ ਬਿਆਨਾ ਜਾਂ ਪੇਸ਼ਗੀ ਹੈ। ਅੰਮ੍ਰਿਤ, ਜਾਤ-ਪਾਤ, ਛੂਤ ਛਾਤ, ਅਮੀਰ-ਗਰੀਬ, ਊਚ-ਨੀਚ, ਦੂਈ-ਦਵੈਤ ਤੇ ਮਜ਼੍ਹਬੀ, ਰਾਜਸੀ ਤੇ ਸਮਾਜਕ ਪੱਖਪਾਤ ਦੀਆਂ ਕੰਧਾਂ ਵਿਚ ਵੰਡੀ ਹੋਈ ਮਨੁੱਖਤਾ ਨੂੰ ਇਕ ਅਕਾਲ ਪੁਰਖ, ਇਕ ਇਲਾਹੀ ਗਰੰਥ, ਇਕ ਗੁਰੂ ਤੇ ਇਕ ਪੰਥ ਨਾਲ ਜੋੜਨ ਲਈ ਤਿਆਰ ਕੀਤਾ ਤੇ ਛਕਾਇਆ ਗਿਆ ਸੀ। ਤੁਸਾਂ ਦਸਮੇਸ਼ ਦੇ ਰੂਪ ਵਿਚ ਅੰਮ੍ਰਿਤ ਛਕਾਣ ਤੇ ਸਿਖਾਂ ਨੂੰ ਪਰਖ ਕੇ ਛਕਾਣ ਦਾ ਉਹ ਕੰਮ ਹੀ ਨੇਪਰੇ ਚਾਹੜਿਆ ਜਿਸਦਾ ਜ਼ਿਕਰ ਤੁਸਾਂ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਕੀਤਾ ਸੀ ਤੇ ਜੋ ਗੁਰੂ ਗਰੰਥ ਸਾਹਿਬ ਦੇ ਸਫਾ ੧੦੩੪ ਤੇ ਅੰਕਤ ਹੈ-

**'ਅੰਮ੍ਰਿਤੁ ਪੀਆ ਸਤਿਗੁਰਿ ਦੀਆ।**
**ਅਵਰੁ ਨ ਜਾਣਾ ਦੂਆ ਤੀਆ।**
**ਏਕੋ ਏਕੁ ਸੁ ਅਪਰ ਪਰੰਪਰੁ**
**ਪਰਖਿ ਖਜਾਨੈ ਪਾਇਦਾ।'**

ਜੇ ਭਾਈ ਗੁਰਦਾਸ ਜੀ ਦੇ ਲਿਖਣ ਅਨੁਸਰ ਤੁਸਾਂ ਪਹਿਲੇ ਜਾਮੇ ਵਿਚ ਸਿਖੀ ਦੀ ਨੀਂਹ 'ਨਿਰਮਲ ਪੰਥ' ਦੇ ਰੂਪ ਵਿਚ ਰਖੀ ਤਾਂ ਦਸਵੇਂ ਜਾਮੇ ਵਿਚ ਵੀ ਤੁਸਾਂ ਅਕਾਲ ਪੁਰਖ ਵਲੋਂ ਸੌਂਪੇ ਗਏ ਫਰਜ਼ ਤੇ ਮਨੋਰਥ ਬਾਰੇ ਬਚਿੱਤਰ ਨਾਟਕ ਵਿਚ ਲਿਖਿਆ ਹੈ-

**'ਮੈ ਅਪਨਾ ਸੁਤ ਤੋਹਿ ਨਿਵਾਜਾ।**
**ਪੰਥੁ ਪ੍ਰਚੁਰ ਕਰਬੇ ਕਹੁ ਸਾਜਾ।'**

ਮੁਕਦੀ ਗਲ ਇਹ ਹੈ, ਤੁਸਾਂ ਖਾਲਸਾ ਪੰਥ ਸਾਜ ਕੇ ਮਨੁੱਖਤਾ ਨੂੰ ਇਹੋ ਜਿਹੇ ਸਿੰਘਾਂ, ਖਾਲਸਿਆਂ ਤੇ ਸੰਤ ਸਿਪਾਹੀਆਂ ਦਾ ਤੁਹਫਾ ਦਿਤਾ ਹੈ ਜੋ ਸਦਾ ਸੇਵਾ, ਸਚ ਧਰਮ,ਦੁਖੀ, ਗਰੀਬ, ਇਨਸਾਫ, ਨੇਕੀ, ਮਨੁਖੀ ਤੇ ਇਲਾਹੀ ਏਕਤਾ ਅਣਖ ਲਈ ਹਸ ਹਸ ਕੇ ਕੁਰਬਾਨ ਹੁੰਦਾ ਰਹੇ ਤੇ ਪਾਪ, ਕਪਟ, ਜ਼ੁਲਮ, ਅਨਿਆਂ ਤੇ ਅਤਿਆਚਾਰ ਦੀ ਆਖਰੀ ਦਮ ਤੱਕ ਵਿਰੋਧਤਾ ਕਰਕੇ- 'ਸਿਖੀ ਕੇਸਾਂ ਸਵਾਸਾਂ ਸੰਗ ਨਿਭ ਤੇ ਸਦਾ 'ਸਰਬਤ ਦਾ ਭਲਾ' ਮੰਗੇ, ਗੁਰੂ ਗਰੰਥ ਤੇ ਪੰਥ ਅਤੇ ਕਿਰਤ ਕਰਨੀ, ਵੰਡ ਛਕਣ ਤੇ ਨਾਮ ਜਪਣ, ਇਹਨਾਂ ਛੇਆਂ ਨੂੰ ਸਿਖ ਧਰਮ ਦਾ ਸਾਰ ਸਮਝੇ, ਮੰਨੇ ਤੇ ਇਹਨਾਂ ਤੇ ਅਮਲ ਕਰੇ।


www.AKJ.Org

ਬਾਬਾ ਜੀ, ਤੁਸਾਂ ਸੰਤ ਸਿਪਾਹੀਆਂ ਦੇ ਖਾਲਸਾ ਪੰਥ ਨੂੰ ਸਾਜ ਕੇ ਮਨੁਖਤਾ ਦੀ ਸੇਵਾ ਕਰਨ ਲਈ ਪੂਰਨ ਮਨੁੱਖਾਂ ਦੀ ਦਾਤ ਦਿੱਤੀ। ਸਿੱਖਾਂ ਨੇ ਸਿੰਘ ਤੋਂ ਖਾਲਸੇ ਬਣ ਕੇ ਤੇ ਹਿੰਦੂ ਸਮਾਜ ਦੇ ਨੀਵੇਂ ਤੋਂ ਨੀਵੇਂ ਟੋਇਆ 'ਚੋਂ ਨਿਕਲ ਕੇ ਹਿਮਾਲੀਏ ਵਰਗੀਆਂ ਜ਼ਾਲਮ, ਹੰਕਾਰੀ ਤੇ ਉਚੀਆਂ ਹਕੂਮਤਾਂ ਨੂੰ ਢਾਹ ਢੇਰੀ ਕਰ ਦਿੱਤਾ। ਭਾਰਤ ਦੀ ਲਹਿੰਦੀ ਸਰਹੱਦ ਤੇ ਸਦੀਆਂ ਤੋਂ ਆ ਰਹੇ ਮੁਸਲਮਾਨ ਹਮਲਾਆਵਰਾਂ ਦਾ ਬੁਥਾੜ ਭੰਨ ਕੇ ਕਦੀ ਵੀ ਨਾ ਟੱਪੀ ਜਾ ਸਕਣ ਵਾਲੀ ਕੰਧ ਬਣ ਕੇ ਖਲੋ ਗਏ। ਇਹਨਾਂ ਰਾਜ ਭਾਗ ਮਾਣੇ, ਅਦੁਤੀ ਕੁਰਬਾਨੀਆਂ ਕੀਤੀਆਂ, ਭਿਆਨਕ ਜੁੱਧ ਲੜੇ, ਜਿੱਤਾਂ ਵੀ ਵੇਖੀਆਂ ਤੇ ਹਾਰਾਂ ਵੀ ਪਰ ਇਹ ਖਾਲਸੇ ਕਦੀ ਵੀ ਨਾ ਹਾਰੇ, ਹਰ ਦੁਖ ਸੁਖ, ਸੰਕਟ ਤੇ ਸੁਖਣਤਾ, ਤੰਗੀ ਤੁਰਸ਼ੀ ਤਖਤ ਤੇ ਤਖਤੇ ਨੂੰ ਰੱਬ ਦੀ ਰਜ਼ਾ ਸਮਝ ਕੇ ਖਿੜੇ ਮੱਥੇ ਤੇ ਆਪਣੇ ਵੱਡੇ ਭਾਗ ਸਮਝ ਕੇ ਜੀ ਆਇਆਂ ਆਖਿਆ। ਜਿਨ੍ਹਾਂ ਜ਼ਾਲਮ ਹੁਕਮਰਾਨਾਂ ਨੂੰ ਤੁਸਾਂ *'ਰਾਜੇ ਸ਼ੀਹ ਮੁਕਦਮ ਕੁਤੇ'* ਆਖਿਆ ਸੀ, ਤੁਹਾਡੇ ਸਿਖਾਂ ਨੇ ਤਲਵਾਰ ਦੀ ਸ਼ਕਤੀ ਨਾਲ ਉਹਨਾਂ ਦਾ ਤਖਤਾ ਉਲਟ ਕੇ ਜੜ੍ਹੋਂ ਪੁੱਟ ਛੱਡਿਆ। ਸਿੱਖਾਂ, ਸਿੱਖਣੀਆਂ ਮਾਸੂਮ ਬੱਚੀਆਂ ਨੇ ਖੰਨੀ ਖੰਨੀ, ਬੇਹੀ ਤੇ ਤਰਬੇਹੀ ਰੋਟੀ ਨੂੰ ਛੱਤੀ ਪਦਾਰਥਾਂ ਦਾ ਸਿਰਤਾਜ ਜਾਣ ਕੇ ਅਕਾਲ ਪੁਰਖ ਦੇ ਭਾਣੇ ਦਾ ਲੱਖ ਲੱਖ ਸ਼ੁਕਰ ਕਰ ਕੇ ਖਾਧਾ, ਭੁੱਜੇ ਛੋਲਿਆਂ ਦੇ ਹਿੱਸੇ ਵਿੱਚ ਆਏ ਚੌਂਹ ਦਾਣਿਆਂ ਨੂੰ ਬਦਾਮ ਸਮਝ ਕੇ ਛਕਿਆ। ਚੱਕੀਆਂ ਪੀਂਹਦੇ ਰਹੇ, ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਡੱਕੇ ਰਹੇ, ਆਰਿਆ ਨਾਲ ਦੁਫਾੜ ਚੀਰੇ ਗਏ। ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਤੱਤੀਆਂ ਲੋਹਾਂ ਤੇ ਬੈਠੇ, ਦੇਗਾਂ ਵਿੱਚ ਉਬਾਲੇ ਗਏ। ਫਾਂਸੀਆਂ ਤੇ ਲਟਕਾਏ ਗਏ ਤੇ ਗੋਲੀਆ ਨਾਲ ਉਡਾਏ ਗਏ, ਸੰਕਟ ਦੇ ਜ਼ੁਲਮ ਬਰਦਾਸ਼ਤ ਕੀਤਾ ਪਰ ਆਪਣੇ ਅਸੂਲ ਆਦਰਸ਼ ਤੇ ਧਰਮ ਦੇ ਸਿੱਧੇ ਪਵਿੱਤਰ ਸਾਫ਼ ਸੁਥਰੇ ਰਾਹ ਭਾਵ 'ਖਾਲਸਾ ਪੰਥ' ਨੂੰ ਛੱਡ ਕੇ ਕੁਰਾਹੇ ਨਾ ਪਏ। ਜਿਥੇ ਰਾਜ ਭਾਗ ਤੇ ਤਖਤੋਂ ਤਾਜ ਹੋਂਦ ਵਿਚ ਆਏ ਉਥੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਦੀ ਆਹਮਣੇ ਸਾਹਮਣੇ ਤਾਮੀਰ, ਮੀਰ ਤੇ ਪੀਰ ਦੀ ਤਲਵਾਰ, ਦੇਗ ਤੇ ਤੇਗ ਦੇ ਸੁਮੇਲ ਨੇ ਸੰਤ ਸਿਪਾਹੀ ਨੂੰ ਹੋਂਦ ਵਿੱਚ ਲਿਆਂਦਾ ਤੇ ਸਿੱਖਾਂ ਲਈ ਧਰਮ ਤੇ ਸਿਆਸਤ ਨੂੰ ਇਕੋ ਜਾਨ ਕਰ ਦਿਤਾ।

ਹੁਣ ਸਿਖ ਧਰਮ ਤੇ ਸਿੱਖੀ ਹੋਂਦ ਵਿਚ ਆਇਆਂ ਪੰਜ ਸੌ ਤੋਂ ਉਪਰ ਵਰ੍ਹੇ ਬੀਤ ਚੁੱਕੇ ਹਨ, ਇਨ੍ਹਾਂ ਪੰਜ ਸੌ ਸਾਲਾਂ ਵਿੱਚ ਸਿੱਖ ਪੰਥ ਨੇ ਬੜੀਆਂ ਮਹਾਨ ਘਾਲਨਾ ਘਾਲੀਆਂ ਹਨ ਤੇ ਦੇਸ਼, ਪੰਥ ਤੇ ਮਨੁੱਖਤਾ ਦੀ ਸ਼ਾਨ ਵਿੱਚ ਵਾਧਾ ਕੀਤਾ ਹੈ ਪਰ ਜੋ ਸ਼ਰਮਨਾਕ ਹਾਲਤ ਅੱਜ ਹੈ ਉਸ ਨੂੰ ਵੇਖ ਕੇ ਤਾਂ ਸਿੱਖ ਲੀਡਰ ਚੱਪਣੀ ਵਿੱਚ ਪਾਣੀ ਪਾ ਕੇ ਨੱਕ ਡੋਬ ਕੇ ਮਰ ਜਾਣ ਤਾਂ ਮਨੁੱਖਤਾ ਦੀ ਭਲਾਈ ਦੀ ਗੱਲ ਹੀ ਹੈ, ਬੁਰਾਈ ਦੀ ਨਹੀਂ। ਬਾਬਾ ਨਾਨਕ ਜੀ ! ਮੈਨੂੰ ਮਾਫ਼ ਕਰਨਾ। ਮੇਰੇ ਦਿਲ 'ਚੋਂ ਨਿਕਲੇ ਸ਼ਬਦਾਂ ਦੇ ਖਰਵੇਪਨ ਵਲ ਨਾ ਜਾਣਾ। ਦਇਆ ਦੇ ਦਾਤਾ ਜੀ ! ਇਹਨਾਂ ਦੀ ਭਾਵਨਾ ਸਮਝਣੀ। ਅੰਤਰਜਾਮੀ ਜੀ ! ਘਟ ਘਟ ਕੇ ਜਾਨਣਹਾਰ ! ਤੁਹਾਡੇ ਤੋਂ ਕੀ ਲੁਕਿਆ ਹੋਇਆ ਹੈ ? ਅੱਕ ਕੇ ਤੁਸਾਂ ਆਪ ਵੀ ਤਾਂ ਆਪਣੀ ਬਾਣੀ ਵਿੱਚ ਕਈ ਥਾਵਾਂ ਤੇ ਖਰੀਆ ਖਰੀਆ ਸੁਣਾਈਆਂ ਤੇ ਲਿਖੀਆ ਹਨ। ਬਾਬਾ ਜੀ ! ਮੈਂ ਕਿਹੜਾ ਕਿਹੜਾ ਦੁੱਖ ਰੋਵਾਂ ? ਨਾਮਧਰੀਕ ਤੇ ਖਾਲਸਾ ਪੰਥ ਦੇ ਕਲੰਕ, ਅੱਜ ਦੇ ਸਿੱਖ ਸਿਆਸੀ ਲੀਡਰ ਤੇ ਧਾਰਮਕ ਆਗੂ, ਕਾਰਾਂ, ਕੋਠੀਆਂ, ਮੈਂਬਰੀਆਂ, ਵਜ਼ਾਰਤਾਂ, ਪਰਮਿੰਟਾਂ, ਡੀਪੂਆਂ ਤੇ ਹੋਰ ਸੰਸਾਰੀ ਪਦਾਰਥਾਂ ਦੀ ਹੱਥਕੜੀ ਤੇ ਬੇੜੀ ਲਵਾਈ ਫਿਰਦੇ ਨੇ। ਦਸਮੇਸ਼ ਜੀ ਦੀ ਬਖਸ਼ੀ ਰਹਿਤ ਬਹਿਤ ਦਾ ਕੋਈ ਅਰਥ ਨਹੀਂ ਰਹਿ ਗਿਆ। ਭਾਵੇਂ ਕੋਈ ਸ਼ਰਾਬ ਪੀਵੇ, ਬਦਕਾਰੀ ਕਰੇ, ਰਿਸ਼ਵਤ ਖਾਏ, ਦਾੜ੍ਹੀ ਮੁੱਛਾਂ ਨੂੰ ਝਟਕਾ ਕੇ ਰੱਖੇ, ਪੰਜ ਕਕਾਰਾਂ ਤੋਂ ਨਫ਼ਰਤ ਕਰੇ, ਦਿਹਾੜੀ ਵਿਚ ਦਸ ਵਾਰੀ ਦਲ ਬਦਲੇ ਪਰ ਮਾਇਆ ਦੇ ਭਾਰ ਹੇਠ ਮਿੱਧੇ ਹੋਏ ਅਨਪੜ੍ਹ ਤੇ ਉਜੱਡ ਆਗੂਆਂ ਦੇ ਗਲ ਦਾ ਹਾਰ ਹੈ ਜੇ ਉਹ ਉਹਨਾਂ ਦੇ ਗਲਾਂ ਵਿੱਚ ਨੋਟਾਂ ਦੇ ਹਾਰ ਪਾਏ ਤੇ ਉਹਨਾਂ ਨੂੰ ਗੁਰੂਆਂ ਤੋਂ ਵੀ ਉੱਚਾ ਮੰਨ ਕੇ ਸਿੱਖੀ ਤੋਂ ਖਾਲੀ ਤੇ ਬੇਅਣਖਾ ਸਿਰ ਉਨ੍ਹਾਂ ਦੇ ਪੈਰਾਂ ਤੇ ਧਰੇ। ਇਹ ਲੋਕ ਗੁਰਮਤ ਤੋਂ ਏਨੇ ਦੂਰ ਜਾ ਚੁੱਕੇ ਹਨ ਕਿ ਹਰਮੰਦਰ ਸਾਹਿਬ ਤੇ ਅਕਾਲ ਤਖ਼ਤ ਜਿਨ੍ਹਾਂ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਨੂੰ ਗੁਰਮੱਤ ਦੇ ਵਿਰੋਧ ਕੀਤੀਆਂ ਹਰਕਤਾਂ ਦੇ ਦੋਸ਼ ਵਿਚ ਕੋਰੜੇ ਮਾਰਨ ਦੀ ਸਜ਼ਾ ਦਿੱਤੀ ਜਾਂਦੀ ਸੀ, ਅੱਜ ਨਾਮ ਧਰੀਕ ਧਾਰਮਿਕ ਆਗੂ ਚੁੱਕੇ ਹੋਏ ਤੇ ਲਿਖ ਕੇ ਦਿਤੇ ਹੋਏ ਪ੍ਰਣ ਤੋੜਨ ਵਾਲਿਆਂ ਦਾ ਮੂੰਹ ਕਾਲਾ ਕਰਨ ਦੀ ਥਾਂ ਉਹਨਾਂ ਨੂੰ ਸਿਰੋਪੇ ਦਿਤੇ ਜਾਂਦੇ ਹਨ। ਧੜੇ ਤੇ ਪੇਟ ਪ੍ਰਸਤਾਂ ਦੀ ਖਾਤਰ ਧਰਮ ਤੇ ਸਿਖੀ ਦਾ ਮੌਜੂ ਉਡਾਇਆ ਜਾਂਦਾ ਹੈ। ਮੈਂ ਕੀ ਕੀ ਦੱਸਾਂ ? ਤੁਸੀਂ ਜਾਣਦੇ ਹੀ ਹੋ, ਦਾਤਾ ਬਖਸ਼ਿਸ਼ ਕਰੋ ਤੇ ਕੁਰਾਹੇ ਪਏ ਆਗੂਆਂ ਤੋਂ ਛੁਡਾਕੇ ਖਾਲਸਾ ਪੰਥ ਨੂੰ ਖਾਲਸ ਅਥਵਾ ਸੁਥਰੇ ਤੇ ਸਿਧੇ ਰਾਹ ਤੇ ਲਿਆਵੇ।

* * * * *



www.AKJ.Org

# ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।।
(ਪੰਨਾ ੬੪੭ - ੪੮)

ਸਚੇ ਦੀ ਦਰਗਾਹ ਵਿਚ ਕੌਣ ਵਸਦੈ ? ਸੱਚੇ ਦੀ ਦਰਗਾਹ ਵਿਚ ਸੱਚ ਦਾ ਨਿਵਾਸ ਹੈ। ਸੱਚੇ ਦੀ ਦਰਗਾਹ ਵਿਚ ਸੱਚ ਨੂੰ ਮੰਨਣ ਵਾਲਿਆਂ ਦਾ ਨਿਵਾਸ ਹੈ। ਸੱਚੇ ਦੀ ਦਰਗਾਹ ਵਿਚ ਉਹਨਾਂ ਦਾ ਟਿਕਾਣਾ ਹੈ ਜਿਹੜੇ ਸੱਚ ਨਾਲ ਪ੍ਰੇਮ ਕਰਦੇ ਹਨ। ਸਹੀ ਲਫ਼ਜ਼ਾਂ ਵਿਚ ਇਹ ਵੀ ਕਹਿ ਸਕਦੇ ਹਾਂ ਜਿਸ ਨੇ ਸੱਚ ਨਾਲ ਪ੍ਰੇਮ ਕੀਤਾ ਹੈ ਉਸ ਲਈ ਉਹ ਪ੍ਰੇਮ ਹੀ ਰੱਬ ਹੈ। ਸਚਮੁਚ ਜੇ ਸੱਚਾ ਪ੍ਰੇਮ ਮਿਲ ਜਾਏ ਤਾਂ ਉਸ ਪ੍ਰੇਮ ਨੂੰ ਮੈਲ ਨਹੀਂ ਲੱਗਦੀ, ਇਕੋ ਇਕ ਐਸਾ ਪ੍ਰੇਮ ਹੈ ਜਿਸ ਦੁਆਰਾ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਕਿਉਂਕਿ ਸੱਚ ਨੂੰ ਮੈਲ ਲੱਗਦੀ ਹੀ ਨਹੀਂ।

**ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ।** (ਪੰਨਾ ੬੮੭)

ਸੱਚ ਨਿਰਮਲ ਹੈ। ਸੱਚ ਹੁੰਦਾ ਹੀ ਇਕ ਵਚਨ ਹੈ, ਬਹੁ ਵਚਨ ਨਹੀਂ ਹੁੰਦਾ। ਇਕ ਵਚਨ, ਇਕੋ ਇਕ ਹੈ। ਉਹ ਸਚ ਨਹੀਂ ਹੈ ਜਿਸਦੇ ਬਰਾਬਰ ਕੋਈ ਇਖਲਾਕੀ ਝੂਠ ਹੋਵੇ। ਇਹ ਤਾਂ ਇਕੋ ਇਕ ਸੱਚ ਹੈ। ਇਸ ਸੱਚ ਤੋਂ ਕੋਈ ਵੱਡਾ ਸੱਚ ਨਹੀਂ। ਇਸ ਸੱਚ ਦੇ ਕੋਈ ਬਰਾਬਰ ਵੀ ਸੱਚ ਨਹੀਂ। ਇਸ ਕਰਕੇ ਇਹ ਸੱਚ ਨਿਰਭਉ ਹੈ, ਇਹ ਸੱਚ ਨਿਰਵੈਰ ਹੈ ਕਿਉਂਕਿ ਜਦ ਇਸ ਤੋਂ ਕੋਈ ਵੱਡਾ ਹੀ ਨਹੀਂ ਤਾਂ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦ ਇਸ ਦੇ ਕੋਈ ਬਰਾਬਰ ਹੀ ਨਹੀਂ ਤਾਂ ਫਿਰ ਵੈਰ ਦਾ ਵੀ ਸਵਾਲ ਪੈਦਾ ਨਹੀਂ ਹੁੰਦਾ। ਇਕੋ ਇਕ ਸੱਚ ਹੋਣ ਕਰਕੇ ਇਹ ਸੱਚ ਨਿਰਮਲ ਹੈ, ਨਿਰਭਉ ਹੈ, ਨਿਰਵੈਰ ਹੈ। ਇਹੋ ਹੀ ਸੱਚ ਹੈ ਜਿਹੜਾ ਸਾਰਿਆਂ ਵਿਚ ਸਮਾਇਆ ਹੋਇਆ ਹੈ। ਇਕੋ ਇਕ ਸੱਚ ਹੈ ਜਿਸਨੂੰ ਅਸੀਂ ਸਰਬ-ਵਿਆਪਕ ਕਹਿ ਸਕਦੇ ਹਾਂ। ਸਿਰਫ਼ ਵਿਆਪਕ ਨਹੀਂ ਹੈ, ਵਿਆਪਕ ਹੋਣਾ ਹੋਰ ਗੱਲ ਹੈ, ਸਰਬ ਵਿਆਪਕ ਹੋਣਾ ਹੋਰ ਗੱਲ ਹੈ। ਇਕੋ ਇਕ ਸੱਚ ਹੈ, ਜਿਹੜਾ ਸਰਬ ਵਿਆਪਕ ਹੈ। ਐਸੇ ਸੱਚ ਦਾ ਸੱਚੀ ਦਰਗਾਹ ਵਿਖੇ ਨਿਵਾਸ ਹੈ, ਕਿਉਂਕਿ ਉਥੇ ਇਹ ਸੱਚ ਪ੍ਰਕਾਸ਼ ਕਰਦਾ ਹੈ। ਜਿਨ੍ਹਾਂ ਨੇ ਆਪਣੇ ਆਪ ਨੂੰ ਸਤਿਗੁਰੂ ਦੇ ਸਨਮੁਖ ਰੱਖਿਆ ਹੈ ਉਨ੍ਹਾਂ ਨੇ ਇਸ ਸੱਚ ਨੂੰ ਜਾਣਿਆ ਹੈ। ਸਤਿਗੁਰੂ ਭੀ ਸੱਚ ਦਾ ਹੀ ਸਰੂਪ ਹਨ। ਹੁਣ ਵੀਚਾਰ ਕਰੀਏ ਸਤਿਗੁਰੂ ਸੱਚ ਦਾ ਸਰੂਪ ਕਿਵੇਂ ਹਨ ? ਕਈ ਵਾਰ ਕੋਈ ਸਵਾਲ ਕਰਦਾ ਹੈ, ਸਤਿਗੁਰੂ ਦਾ ਸੇਵਕ ਕੈਸਾ ਹੈ ? ਸਤਿਗੁਰੂ ਜੁਆਬ ਦਿੰਦੇ ਹਨ -

**ਹਰਿ ਕਾ ਸੇਵਕੁ ਸੋ ਹਰਿ ਜੇਹਾ।।**
**ਭੇਦੁ ਨ ਜਾਣਹੁ ਮਾਣਸ ਦੇਹਾ।।** (ਪੰਨਾ ੧੦੭੬)

(ਭਾਈ ਜਸਵੀਰ ਸਿੰਘ ਜੀ ਖਾਲਸਾ, ਖੰਨੇ ਵਾਲੇ)

ਸਤਿਗੁਰੂ ਪਰਮੇਸ਼ਰ ਦਾ ਸਰੂਪ ਕਿਵੇਂ ਹਨ ? ਜੋ ਗੁਣ ਪਰਮੇਸ਼ਰ ਵਿਚ ਹਨ ਉਹੋ ਗੁਣ ਸਤਿਗੁਰੂ ਵਿਚ ਹਨ। ਸੋ ਸਤਿਗੁਰੂ ਦੇ ਸਨਮੁਖ ਰਹਿ ਕੇ ਜਿਨ੍ਹਾਂ ਨੇ ਸੱਚ ਨੂੰ ਪਾਉਣ ਦਾ ਯਤਨ ਕੀਤਾ ਹੈ, ਜਿਨਾਂ ਨੇ ਸੱਚ ਨਾਲ ਪ੍ਰੇਮ ਕੀਤਾ ਹੈ ਉਨ੍ਹਾਂ ਨੂੰ ਅਸੀਂ ਗੁਰਮੁਖ ਕਹਿੰਦੇ ਹਾਂ। ਗੁਰਮੁਖ ਹੈਨ ਹੀ ਉਹ ਜੋ ਸਤਿਗੁਰੂ ਦੇ ਸਨਮੁਖ ਰਹਿ ਕੇ ਕਾਰ ਕਰਦੇ ਹਨ, ਸਤਿਗੁਰੂ ਦੇ ਸਨਮੁਖ ਰਹਿ ਕੇ ਵੀਚਾਰ ਕਰਦੇ ਹਨ, ਸਤਿਗੁਰੂ ਦੇ ਸਨਮੁਖ ਰਹਿ ਕੇ ਸਿਰਜਨਹਾਰ ਪਰਵਦਗਾਰ ਦਾ ਨਾਮ ਜਪਦੇ ਹਨ। ਜਿਹੜੇ ਸਤਿਗੁਰੂ ਦੇ ਸਨਮੁਖ ਰਹਿੰਦੇ ਹਨ ਉਨ੍ਹਾਂ ਦੇ ਅੰਦਰ ਹੀ ਸਤਿਗੁਰੂ ਵਰਤਦੇ ਹਨ। ਸਤਿਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਗਿਆ ਸਤਿਗੁਰੂ ਜੀ ! ਅੱਜ ਤੱਕ ਸਾਰੀ ਲੋਕਾਈ, ਸਾਰੀ ਸ੍ਰਿਸ਼ਟੀ ਤੁਹਾਡੇ ਚਰਨਾ ਵਿੱਚ ਝੁਕਦੀ ਹੈ। ਕੀ ਤੁਹਾਡਾ ਵੀ ਸੀਸ ਕਿਸੇ ਅਗੇ ਝੁਕੇਗਾ ? ਸਤਿਗੁਰੂ ਜੀ ਬੋਲੇ ਜਿਨ੍ਹਾਂ ਦੇ ਉਤੇ ਪਰਮੇਸ਼ਰ ਦਾ ਪਰਮ ਪ੍ਰਸ਼ਾਦਿ ਵਰਤੇਗਾ ਉਹ ਉਸ ਵਰਤੇ ਹੋਏ ਪ੍ਰਸ਼ਾਦਿ ਦੁਆਰਾ ਆਪਣੇ ਅੰਦਰੋਂ ਉਸ ਪ੍ਰਸਾਦਿ ਦਾ ਹੀ ਰੂਪ ਬਣ ਜਾਣਗੇ। ਉਹ ਪ੍ਰਸਾਦਿ ਹੈ ਪਰਮੇਸ਼ਰ ਦੇ ਬੋਲੇਂ ਹੋਏ ਬੋਲ, ਤੇ ਉਹ ਹੈ ਗੁਰਬਾਣੀ। ਸੋ ਜਿਨ੍ਹਾਂ ਦੇ ਅੰਦਰ ਪਰਮੇਸਰ ਦਾ ਪ੍ਰਸਾਦਿ ਵਰਤ ਜਾਏਗਾ ਉਹ ਗੁਰਬਾਣੀ ਦਾ ਹੀ ਰੂਪ ਹੋ ਜਾਣਗੇ। ਉਨ੍ਹਾਂ ਦੇ ਅੱਗੇ ਸਤਿਗੁਰੂ ਨਾਨਕ ਦੇਵ ਜੀ ਦਾ ਸੀਸ ਝੁਕ ਜਾਵੇਗਾ ਕਿਉਂਕਿ ਸਤਿਗੁਰੂ ਜੀ ਦਾ ਸੀਸ ਨਿਰੰਕਾਰ ਦੀ ਬਾਣੀ ਅੱਗੇ ਹੀ ਝੁਕਦਾ ਹੈ। ਪੰਜਵੇਂ ਨਾਨਕ ਧੰਨ ਗੁਰੂ ਅਰਜਨ ਦੇਵ ਜੀ ਨੇ ਜਦੋਂ ਹਰਿਮੰਦਰ ਸਾਹਿਬ ਵਿਚ ਪੋਥੀ ਸਾਹਿਬ (ਗੁਰੂ ਗ੍ਰੰਥ ਸਾਹਿਬ ਜੀ) ਜੀ ਦੇ ਪ੍ਰਕਾਸ਼ ਕਰ ਦਿਤੇ ਤਾਂ ਗੱਲ ਬੜੀ ਸਪੱਸ਼ਟ ਹੋ ਗਈ ਕਿ ਸਤਿਗੁਰੂ ਜੀ ਦਾ ਸੀਸ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕ ਗਿਆ ਤੇ ਕਹਿ ਦਿਤਾ -

**ਪੋਥੀ ਪਰਮੇਸਰ ਕਾ ਥਾਨੁ।।** (ਪੰਨਾ ੧੨੨੬)

ਜਿਸ ਦਿਨ ਭਾਈ ਲਹਿਣਾ ਜੀ ਗੁਰੂ ਅੰਗਦ ਬਣ ਗਏ; ਇੰਜ ਲਗਦਾ ਹੈ ਸਤਿਗੁਰੂ ਨਾਨਕ ਦੇਵ ਜੀ ਲਈ ਸਭ ਤੋਂ ਵੱਡਾ ਖੁਸ਼ੀ ਦਾ ਦਿਨ ਉਹੀ ਹੋਵੇਗਾ। ਜਦੋਂ ਸਤਿਗੁਰੂ ਜੀ ਨੇ ਗੁਰਸਿੱਖੀ ਨੂੰ ਜਨਮ ਦੇ ਦਿੱਤਾ, ਸਿਰਫ਼ ਜਨਮ ਹੀ ਨਹੀਂ ਦਿੱਤਾ ਆਪਣਾ ਸਰੂਪ ਦੇ ਦਿੱਤਾ, ਆਪਣਾ ਬਾਣਾ ਦੇ ਦਿਤਾ, ਆਪਣੀ ਬਾਣੀ ਦੇ ਦਿੱਤੀ, ਆਪਣੀ ਸ਼ਬਦ ਰੂਪੀ ਜੋਤ ਨਾਲ ਸ਼ਬਦ ਦਾ ਪ੍ਰਕਾਸ਼ ਕਰ ਦਿੱਤਾ, ਸ਼ਬਦ ਰੂਪੀ ਜੋਤ ਨਾਲ ਦੀਵੇ ਤੋਂ ਦੀਵਾ



www.AKJ.Org

ਬਲ ਪਿਆ, ਸ਼ਬਦ ਨਾਲ ਸ਼ਬਦ ਦੀ ਜੋਤ ਦਾ ਪ੍ਰਕਾਸ਼ ਹੋ ਗਿਆ। ਜਦੋਂ ਸੱਚੇ ਦੀ ਦਰਗਾਹ ਵਿਚ ਸੱਚਾ ਪ੍ਰੇਮੀ ਵਸਦਾ ਹੈ ਤਾਂ ਸਤਿਗੁਰੂ ਦੇ ਸਨਮੁਖ ਹੋ ਕੇ ਜਦੋਂ ਇਹ ਗੁਰਮੁਖ ਨਾਮ ਜਪਦਾ ਹੈ ਤਾਂ ਨਾਮ ਜਪਦੇ ਜਪਦੇ ਇਹ ਸੱਚੇ ਦੀ ਦਰਗਾਹ ਵਿਚ ਹੀ ਆਪਣਾ ਟਿਕਾਣਾ ਬਣਾ ਲੈਂਦਾ ਹੈ। ਜਨਮ ਲੈ ਕੇ ਜੀਵਨ ਵਿਚ ਸਤਿਗੁਰੂ ਜੀ ਦੇ ਸਨਮੁੱਖ ਹੋ ਕੇ ਜਿੱਥੇ ਜੀਵਨ ਸੁਆਰਦਾ ਹੈ, ਜਿਊਂਦਿਆਂ ਹੀ ਮਰਨਾ ਸੁਆਰ ਕੇ ਜੀਊਂਦਿਆਂ ਹੀ ਸੱਚੇ ਦੀ ਦਰਗਾਹ ਵਿਚ ਟਿਕਾਣਾ ਬਣਾ ਲੈਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ-

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ।** (ਵਾਰ ੧੯/੧੪)

ਅਨੰਦ ਤਾਂ ਉਦੋਂ ਹੀ ਹੈ, ਬਖਸ਼ਿਸ਼ ਤਾਂ ਉਦੋਂ ਹੀ ਹੈ ਜਦੋਂ ਮਨੁੱਖ ਜੀਊਂਦਿਆਂ ਹੀ ਸੱਚੀ ਦਰਗਾਹ ਵਿਚ ਟਿਕਾਣਾ ਬਣਾ ਲਵੇ। ਜਦੋਂ ਅਸੀਂ ਕਿਧਰੇ ਬਾਹਰ ਜਾਣਾ ਹੋਵੇ, ਯਤਨ ਕਰਦੇ ਹਾਂ ਜਿਥੇ ਜਾ ਰਹੇ ਹਾਂ ਉਥੇ ਪੁਜਣ ਤੋਂ ਪਹਿਲਾਂ ਹੀ ਸਾਡੇ ਠਹਿਰਣ ਦਾ ਟਿਕਾਣਾ ਪਹਿਲਾਂ ਹੀ ਬਣ ਜਾਵੇ। ਇਸੇ ਤਰ੍ਹਾਂ ਗੁਰਮੁਖਿ ਵੀ ਜੀਉਂਦਿਆਂ ਹੀ ਆਪਣਾ ਮਰਨਾ ਸੁਆਰ ਕੇ ਸੱਚ ਨਾਲ ਇਤਨਾ ਪ੍ਰੇਮ ਕਰਦਾ ਹੈ ਕਿ 'ਸੱਚਾ' ਗੁਰਮੁਖ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਸਦਾ ਟਿਕਾਣਾ ਬਣਾ ਦਿੰਦਾ ਹੈ। ਸਤਿਗੁਰੂ ਜੀ ਗੁਰਬਾਣੀ ਵਿੱਚ ਫੁਰਮਾਉਂਦੇ ਹਨ-

"**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।**"
(ਪੰਨਾ ੬੪੭-੪੮)

ਊਭੀ ਸੇਵ ਕਰੇ ਦਾ ਭਾਵ ਹੈ ਸੁਚੇਤ ਹੋ ਕੇ, ਸਾਵਧਾਨ ਹੋ ਕੇ ਸੇਵਾ ਕਰੇ। ਗੱਲ ਪ੍ਰੇਮ ਦੀ ਸੀ, ਸੱਚੇ ਪ੍ਰੇਮ ਦੀ ਸੀ, ਸੱਚ ਨਾਲ ਪ੍ਰੇਮ ਕਰਨ ਦੀ ਸੀ। ਇਹ ਕੈਸੀ ਪ੍ਰੀਤ ਹੋਏਗੀ, ਜਿਹੜੀ ਨਿਰਮਲ ਰੀਤ ਨੂੰ ਜਨਮ ਦੇਵੇ। ਇਸ ਪ੍ਰੀਤ ਤੇ ਨਿਰਮਲ ਰੀਤ ਲਈ ਵਿਉਂਤ ਕੀ ਹੈ ? ਕਹਿ ਤਾਂ ਅਸੀਂ ਸਾਰੇ ਹੀ ਦਿੰਦੇ ਹਾਂ ਕਿ ਪ੍ਰੀਤ ਚਾਹੀਦੀ ਹੈ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰੀਤ ਨਾਲ ਨਿਰਮਲ ਰੀਤ ਬਣਦੀ ਹੈ। ਹੁਣ ਇਹ ਸੋਚਣਾ ਪਏਗਾ, ਕੀ ਗੱਲਾਂ ਕਰਨ ਨਾਲ ਪ੍ਰੀਤ ਆ ਜਾਵੇਗੀ ? ਸਾਹਿਬ ਨੇ ਕਹਿ ਦਿਤਾ ਕਿ ਗੱਲਾਂ ਨਾਲ ਤਾਂ ਨੇਹ ਹੋ ਹੀ ਨਹੀਂ ਸਕਦਾ। ਫਿਰ ਇਹ ਪ੍ਰੀਤ ਨਿਰਮਲ ਰੀਤ ਵਾਲੀ ਕਿਵੇਂ ਪੈਦਾ ਹੋਵੇ ? ਮੈਂ ਬਾਰ ਬਾਰ ਪ੍ਰੀਤ ਦੇ ਨਾਲ ਨਿਰਮਲ ਰੀਤ ਵਾਲਾ ਸ਼ਬਦ ਇਸ ਲਈ ਵਰਤ ਰਿਹਾ ਹਾਂ ਕਿ ਸੰਸਾਰ ਨੇ ਪ੍ਰੀਤ ਸ਼ਬਦ ਬਾਰ ਬਾਰ ਬੋਲ ਕੇ ਸਹੀ ਅਰਥਾਂ ਵਿੱਚ ਪ੍ਰੀਤ ਸ਼ਬਦ ਨੂੰ ਭੀ ਗੰਧਲਾ ਕੀਤਾ ਹੋਇਐ। ਅਸੀਂ ਪ੍ਰੀਤ ਸ਼ਬਦ ਦਾ ਠੀਕ ਭਾਵ ਨਾ ਲੈ ਕੇ ਸੰਸਾਰੀ ਮੋਹ ਨੂੰ ਹੀ ਪ੍ਰੀਤ ਦਾ ਨਾਂ ਦੇ ਕੇ ਪ੍ਰੀਤ ਸ਼ਬਦ ਨੂੰ ਗੰਧਲਾ ਕਰ ਰਹੇ ਹਾਂ। ਸਹੀ ਅਰਥਾਂ ਵਿੱਚ ਪ੍ਰੀਤ ਉਹੀ ਹੈ ਜਿਸਦਾ ਸੰਬੰਧ ਨਿਰਮਲ ਰੀਤ ਨਾਲ ਹੈ। ਹੁਣ ਨਿਰਮਲ ਰੀਤ ਵਾਲੀ ਪ੍ਰੀਤ ਦੀ ਵਿਉਂਤ ਕੀ ਹੈ ? ਪ੍ਰਤੀਤ। ਪਹਿਲਾਂ ਪ੍ਰਤੀਤ ਦੀ ਵੀਚਾਰ ਕਰਦੇ ਹਾਂ। ਫਿਰ ਵੀਚਾਰ ਆਪਣੇ ਆਪ ਹੀ *"ਊਭੀ ਸੇਵਿ ਕਰੇਇ"* ਵਲ ਤੁਰ ਪਏਗੀ। ਜੋ ਪਹਿਲਾਂ ਸ਼ਬਦ ਹੈ, ਹਸਤੀ ਸਿਰ ਜਿਉ ਅੰਕਸ ਹੈ। ਇਹ ਤਾਂ ਊਭੀ ਸੇਵ ਕਰੇਇ ਦਾ ਜੋ ਮਾਰਗ ਹੈ ਉਸ ਦੀ ਸੁਚੇਤਤਾ ਲਈ, ਸਾਵਧਾਨਤਾ ਲਈ ਇਕ ਪ੍ਰਮਾਣ ਦੇ ਦਿੱਤਾ ਹੈ। ਮਹਾਵਤ ਦਾ ਕੁੰਡਾ ਹਾਥੀ ਲਈ ਪ੍ਰਮਾਣ ਹੈ, ਉਸਨੂੰ ਸੁਚੇਤ ਕਰਨ ਵਾਸਤੇ ਅਹਿਰਨ ਉਪਰ ਜੋ ਹਥੌੜਾ ਵੱਜਦਾ ਹੈ, ਉਹ ਸੁਚੇਤ ਕਰਨ ਲਈ ਪ੍ਰਮਾਣ ਹੈ। ਪ੍ਰੀਤ ਜਿਸ ਨੇ ਨਿਰਮਲ ਰੀਤ ਨੂੰ ਜਨਮ ਦਿੱਤਾ ਹੈ, ਉਸ ਦੀ ਵਿਉਂਤ ਪ੍ਰਤੀਤ ਹੈ। ਪ੍ਰਤੀਤ ਸ਼ਬਦ ਦਾ ਅੱਖਰੀ ਅਰਥ ਹੈ ਭਰੋਸਾ। ਪਰ ਜੇ ਸਿਰਫ਼ ਅਰਥ ਭਰੋਸਾ ਹੀ ਲੈ ਲਵੇ ਤਾਂ ਵੀ ਗੱਲ ਪੂਰੀ ਤਰ੍ਹਾਂ ਠੀਕ ਨਹੀਂ ਜਾਪਦੀ। ਜੇ ਭਰੋਸੇ ਵਿਚ ਅਕਲ ਆ ਗਈ ਤਾਂ ਅਕਲ ਦੇ ਆਧਾਰ ਤੇ ਕੀਤਾ ਹੋਇਆ ਭਰੋਸਾ ਟੁੱਟ ਜਾਂਦਾ ਹੈ। ਕਈ ਵਾਰ ਦੇਖਦੇ ਹਾਂ ਬੰਦਾ ਬੰਦੇ ਤੇ ਭਰੋਸਾ ਕਰਦਾ ਹੈ ਪਰ ਦੂਜੇ ਦਿਨ ਤੋੜ ਬੈਠਦਾ ਹੈ। ਬੰਦਾ ਜਦੋਂ ਅਕਲ ਰਾਹੀਂ ਗੁਰੂ ਤੇ ਭਰੋਸਾ ਕਰਦਾ ਹੈ, ਮਹੀਨਾ ਮਹੀਨਾ ਗੁਰਦੁਆਰੇ ਆਉਂਦਾ ਹੈ। ਮਹੀਨੇ ਬਾਅਦ ਜਦੋਂ ਇਹ ਦੇਖਦਾ ਹੈ ਕਿ ਮੇਰੀ ਗੱਲ, ਮੇਰੀ ਅਰਦਾਸ ਪੂਰੀ ਨਹੀਂ ਹੋਈ ਤਾਂ ਮਨੁੱਖ ਆਪਣੀ ਅਕਲ ਤੇ ਮਾਣ ਕਰਦਾ ਹੋਇਆ ਗੁਰੂ ਤੇ ਭਰੋਸਾ ਵੀ ਤੋੜ ਬੈਠਦਾ ਹੈ। ਪਰ ਜਿਸ ਭਰੋਸੇ ਦੀ ਗੱਲ ਕਰ ਰਹੇ ਹਾਂ, ਉਹ ਪ੍ਰਤੀਤ ਹੈ। ਜਿਹੜੀ ਗੱਲ ਮਨੁੱਖੀ ਮਤ ਦੀ ਰਹਿਨੁਮਾਈ ਹੇਠ ਹੋਵੇ ਉਹ ਅਕਲ ਹੈ। ਜਿਹੜੀ ਗੱਲ ਗੁਰੂ ਦੀ ਰਹਿਨੁਮਾਈ ਹੇਠ ਹੋਵੇ ਉਹ ਪ੍ਰਤੀਤ ਹੈ। ਦੋਨਾਂ ਵਿਚ ਅੰਤਰ ਹੈ ਕਿਉਂਕਿ ਮਨੁੱਖ ਦੀ ਮਤ, ਗੁਰੂ ਦੀ ਮੱਤ ਦੇ ਬਰਾਬਰ ਨਹੀਂ ਪਹੁੰਚ ਸਕਦੀ। ਜਿਤਨੀ ਭੀ ਸੰਸਾਰ ਵਿੱਚ ਰੌਣਕ ਹੈ, ਇਹ ਗੁਰੂ ਦੀ ਮੱਤ ਕਰਕੇ ਹੈ। ਜਿਤਨੀ ਭੀ ਸੰਸਾਰ ਵਿੱਚ ਸੁਗੰਧੀ ਹੈ, ਇਹ ਗੁਰੂ ਦੀ ਮੱਤ ਦੀ ਖੁਸ਼ਬੂ ਹੈ। ਜਿਤਨਾ ਭੀ ਸੰਸਾਰ ਵਿੱਚ ਚਾਨਣਾ ਹੈ, ਇਹ ਗੁਰੂ ਦੀ ਮੱਤ ਦਾ ਚਾਨਣਾ ਹੈ। ਸੰਸਾਰ ਦੇ ਅੰਧਕਾਰ ਵਿੱਚ ਜੇਕਰ ਪ੍ਰਕਾਸ਼ ਹੈ ਤਾਂ ਗੁਰੂ ਦੀ ਮਤਿ ਕਰ ਕੇ ਹੈ। ਜਿਥੇ ਗੁਰੂ ਦੀ ਮਤਿ ਹੈ, ਉਥੇ ਪ੍ਰਤੀਤ ਉਪਜੇਗੀ। ਅਸੀਂ ਕਈ ਵਾਰ ਗੱਲਾਂ ਕਰਦੇ ਕਰਦੇ ਕਹਿੰਦੇ ਹਾਂ ਕਿ ਜੇ ਕਿਸੇ ਬੰਦੇ ਨੂੰ ਕੋਈ ਗੱਲ ਸਮਝਾਈ ਜਾਵੇ ਤਾਂ ਬੰਦੇ ਨੂੰ ਸਮਝ ਆ ਜਾਂਦੀ ਹੈ। ਪਰ ਇਸ ਤਰ੍ਹਾਂ


www.AKJ.Org

ਲੱਗਦਾ ਹੈ ਕਿ ਸਮਝਣ ਸ਼ਕਤੀ ਦਾ ਅਗ ਮਨੁੱਖ ਦੇ ਅੰਦਰ ਹੈ, ਬਾਹਰ ਨਹੀਂ। ਜਿਤਨਾ ਭੀ ਬੰਦੇ ਨੂੰ ਆਪਣੀ ਅਕਲ ਦੁਆਰਾ, ਆਪਣੀ ਮਤਿ ਦੁਆਰਾ ਸਮਝਾਈ ਜਾਵੇ, ਜਿਤਨੀ ਦੇਰ ਤੱਕ ਉਸਨੂੰ ਅੰਦਰੋਂ ਸਮਝ ਨਾ ਆਵੇ ਤਾਂ ਉਤਨੀ ਦੇਰ ਤੱਕ ਬਾਹਰੋਂ ਸਮਝਾਇਆ ਨਹੀਂ ਸਮਝਦਾ। ਅਸੀਂ ਕਈ ਵਾਰ ਦੇਖਦੇ ਹਾਂ ਕਿ ਕਿਸੇ ਦੇ ਘਰ ਮੌਤ ਹੋ ਜਾਂਦੀ ਹੈ। ਅਸੀਂ ਸਾਰੇ ਹਮਦਰਦੀ ਕਰਨ ਜਾਂਦੇ ਹਾਂ, ਬੜਾ ਧੀਰਜ ਦਿੰਦੇ ਹਾਂ। ਅਸੀਂ ਕਹਿੰਦੇ ਹਾਂ ਜਿਹੜਾ ਬੰਦਾ ਚਲਾ ਗਿਆ ਹੈ ਉਸਨੇ ਵਾਪਸ ਨਹੀਂ ਆਉਣਾ ਤੂੰ ਕਿਉਂ ਰੋਂਦਾ ਹੈਂ ? ਤੂੰ ਭੀ ਇਕ ਦਿਨ ਚਲੇ ਜਾਣਾ ਹੈ, ਤੂੰ ਕਿਉਂ ਰੋਂਦਾ ਹੈਂ ? ਕੀ ਰੋਣ ਨਾਲ ਤੇਰਾ ਕੁੱਝ ਬਣੇਗਾ ? ਅਸੀਂ ਕਿਤਨਾ ਸਮਝਾਉਂਦੇ ਹਾਂ। ਪਰ ਅਸੀਂ ਦੇਖਦੇ ਹਾਂ ਕਿ ਸੰਸਾਰ ਦੇ ਲੋਕੀਂ ਆਉਂਦੇ ਹਨ ਤੇ ਗਲਾਂ ਕਰ ਕਰ ਕੇ ਚਲੇ ਜਾਂਦੇ ਹਨ ਪਰ ਜਿਸ ਦੇ ਅੰਦਰ ਚੋਟ ਲੱਗੀ ਹੋਈ ਹੈ ਉਹ ਸਮਝਦਾ ਹੀ ਨਹੀਂ। ਉਹ ਉਸੇ ਤਰ੍ਹਾਂ ਹੀ ਰੋਈ ਜਾਂਦਾ ਹੈ, ਹਾਲਦੁਹਾਈ ਪਾਈ ਜਾਂਦਾ ਹੈ। ਜਿਸ ਇਸ਼ਟ ਨੂੰ ਉਹ ਮਨੁੱਖ ਮੰਨਦਾ ਸੀ ਉਨ੍ਹਾਂ ਭੀ ਸਮਝਾਇਆ, ਉਸ ਇਸ਼ਟ ਦਾ ਕੀਰਤਨ ਭੀ ਸੁਣਿਆ, ਉਸ ਸਮੇਂ ਉਸਦੇ ਸ਼ਬਦ ਕਥਾ ਭੀ ਸੁਣੀ, ਪਰ ਫਿਰ ਭੀ ਰੋਈ ਜਾਂਦਾ ਹੈ। ਇਤਨਾ ਸਮਝਾਉਣ ਦੇ ਬਾਵਜੂਦ ਉਸਦੀ ਬਿਰਤੀ ਉਥੇ ਹੀ ਟਿਕੀ ਹੋਈ ਹੈ, ਉਹ ਬਿਰਤੀ ਨੂੰ ਹਿਲਾਉਂਦਾ ਹੀ ਨਹੀਂ। ਪਰ ਐਸੇ ਬੰਦੇ ਭੀ ਦੇਖੇ ਹਨ, ਬੜਾ ਬੜਾ ਨੁਕਸਾਨ ਹੋ ਜਾਂਦਾ, ਉਸ ਨੁਕਸਾਨ ਨੂੰ ਸੁਣ ਕੇ ਦੁਨੀਆਂ ਦੇ ਲੋਕ ਤ੍ਰਾਹ ਤ੍ਰਾਹ ਕਰਦੇ ਹਨ ਪਰ ਉਸ ਦੇ ਕੋਲ ਜਾ ਕੇ ਜਦੋਂ ਕੋਈ ਗੱਲ ਕਰਦਾ ਹੈ ਤਾਂ ਉਹ ਕਹਿੰਦੇ, ਸਭ ਉਸ ਵਾਹਿਗੁਰੂ ਦੇ ਹੁਕਮ ਵਿੱਚ ਹੀ ਹੋ ਰਿਹਾ ਹੈ, ਜੋ ਉਸ ਨੇ ਕੀਤਾ, ਭਲਾ ਹੀ ਕੀਤਾ। ਸਮਝਾਣ ਨਾਲ ਇਕ ਬੰਦਾ ਸਮਝਿਆ ਨਹੀਂ ਪਰ ਜਦੋਂ ਦੂਜੇ ਨੂੰ ਕੋਈ ਸਮਝਾਣ ਆਇਆ ਤਾਂ ਉਹ ਪਹਿਲਾਂ ਹੀ ਸਮਝਿਆ ਹੋਇਆ ਸੀ। ਸੋ ਸਮਝਣ ਵਾਲਾ ਅੰਗ ਮਨੁੱਖ ਦੇ ਅੰਦਰ ਹੈ। ਜੋ ਅੰਦਰੋਂ ਸਮਝਣ ਦੀ ਗੱਲ ਹੈ, ਉਹੋ ਹੀ ਪ੍ਰਤੀਤ ਹੈ। ਜਦੋਂ ਸਤਿਗੁਰਾਂ ਦੀ ਗੱਲ ਸਾਨੂੰ ਅੰਦਰੋਂ ਸਮਝ ਵਿੱਚ ਆ ਗਈ, ਜਦੋਂ ਸਤਿਗੁਰਾਂ ਦਾ ਉਪਦੇਸ਼ ਸਾਨੂੰ ਅੰਦਰੋਂ ਸਮਝ ਆ ਗਿਆ, ਜਦੋਂ ਸਤਿਗੁਰਾਂ ਦੀ ਵੀਚਾਰ ਸਾਡੇ ਅੰਦਰ ਨੂੰ ਭਾਅ ਗਈ ਤਾਂ ਸਤਿਗੁਰ ਤੇ ਪ੍ਰਤੀਤ ਬਣ ਜਾਵੇਗੀ। ਅਸੀਂ ਕਈ ਵਾਰ ਕਥਾ ਸੁਣਦੇ ਹਾਂ ਪਰ ਮਨੁੱਖ ਦਾ ਇਕ ਸੁਭਾਅ ਹੈ ਜੋ ਗੱਲ ਉਸਨੂੰ ਚੰਗੀ ਲੱਗਦੀ ਹੈ, ਸੁਣ ਲੈਂਦਾ ਹੈ, ਜਿਹੜੀ ਗੱਲ ਉਸ ਨੂੰ ਚੰਗੀ ਨਹੀਂ ਲੱਗਦੀ ਉਹ ਸੰਗਤ ਵਿੱਚ ਬੈਠ ਕੇ ਭੀ ਨਹੀਂ ਸੁਣਦਾ। ਗੱਲ ਉਦੋਂ ਬਣੇਗੀ ਜਿਹੜੀ ਗੱਲ ਸੰਗਤ ਵਿੱਚ ਮਨੁੱਖ ਦੇ ਮਨ ਨੂੰ ਚੰਗੀ ਨਹੀਂ ਲੱਗਦੀ, ਉਹ ਮਨ ਨੂੰ ਸਮਝਾਵੇ ਕਿ ਤੂੰ ਗੁਰੂ ਦੀ ਗੱਲ ਸੁਣ। ਸਚਮੁੱਚ ਜੇ ਸਾਨੂੰ ਸੁਣਨਾ ਆ ਜਾਵੇ ਤਾਂ ਸਾਡਾ ਜੀਵਨ ਹੀ ਬਦਲ ਜਾਵੇ। ਅਫ਼ਸੋਸ ਇਸੇ ਗੱਲ ਦਾ ਹੈ ਸਾਨੂੰ ਅਜੇ ਤੱਕ ਸੁਣਨਾ ਹੀ ਨਹੀਂ ਆਇਆ। ਜਿੰਨੀ ਦੇਰ ਤੱਕ ਸੁਣਨਾ ਨਹੀਂ ਆਉਂਦਾ ਫਿਰ ਭਾਉ ਨਹੀਂ ਆ ਸਕਦਾ। ਜਿੰਨੀ ਦੇਰ ਤੱਕ ਮੰਨਣਾ ਨਹੀਂ ਆਉਂਦਾ ਫਿਰ ਭਾਉ ਨਹੀਂ ਆ ਸਕਦਾ।

**ਸੁਣਿਆ, ਮੰਨਿਆ, ਮਨ ਕੀਤਾ ਭਾਉ।।** (ਜਪੁ ਜੀ ਸਾਹਿਬ)

ਆਮ ਤੌਰ ਤੇ ਅਸੀਂ ਵੇਖਦੇ ਹਾਂ ਕਿ ਦੂਸਰਾ ਮਨੁੱਖ ਅੱਧ ਪਚੱਧ ਸੁਣ ਕੇ ਵਿਚੋਂ ਹੀ ਆਪਣਾ ਦੁੱਖ ਸੁਣਾਉਣ ਲੱਗ ਪੈਂਦਾ ਹੈ। ਉਹ ਕਹਿੰਦਾ, ਤੂੰ ਕਿੱਥੇ ਦੁਖੀ ਹੈਂ, ਤੇਰੇ ਤੋਂ ਵੱਧ ਮੈਂ ਦੁਖੀ ਹਾਂ। ਸਤਿਗੁਰਾਂ ਨੇ ਮੋਹਰ ਲਗਾ ਦਿੱਤੀ–

**ਜਿਸੁ ਮਾਣਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ।।**
(ਪੰਨਾ ੪੯੭)

ਉਹ ਦੂਸਰਾ ਮਨੁੱਖ ਤੇਰੇ ਦੁੱਖ ਕਿਵੇਂ ਨਵਿਰਤ ਕਰੇਗਾ ? ਕਰ ਹੀ ਨਹੀਂ ਸਕਦਾ। ਜਦੋਂ ਗੱਲ ਅੰਦਰੋਂ ਸਮਝ ਆ ਜਾਵੇ ਉਦੋਂ ਪ੍ਰਤੀਤ ਹੋਵੇਗੀ। ਇਕ ਵੈਦ ਹੈ, ਉਹ ਮਾਤਾ ਦੇ ਦੁੱਧ ਦੇ ਗੁਣ ਦੱਸਦਾ ਹੈ ਪਰ ਪ੍ਰਤੀਤ ਬੱਚੇ ਨੂੰ ਹੈ ਜਿਸਨੇ ਦੁੱਧ ਪੀਤਾ ਹੈ। ਸੁਨਿਆਰਾ ਸੋਨੇ ਦੇ ਗੁਣ ਦੱਸਦਾ ਹੈ, ਪ੍ਰਤੀਤ ਉਸਨੂੰ ਹੈ ਜਿਸਦੇ ਪਾਸ ਮੋਹਰਾਂ ਪਈਆਂ ਹਨ। ਕੋਈ ਪਰਮੇਸ਼ਰ ਦੇ ਗੁਣਾਂ ਦੀ ਗੱਲ ਬਾਰ ਬਾਰ ਕਰ ਰਿਹਾ ਹੈ ਪਰ ਪ੍ਰਤੀਤ ਉਸ ਨੂੰ ਹੈ ਜਿਸ ਦੇ ਅੰਦਰ ਗੁਣਾਂ ਦਾ ਪ੍ਰਕਾਸ਼ ਹੋ ਗਿਆ ਹੈ। ਜੇ ਮੇਰੇ ਪਾਸ ਧਨ ਨਹੀਂ ਹੈ ਪਰ ਮੈਂ ਧਨ ਦੇ ਲੈਕਚਰ ਦੇਈ ਜਾਵਾਂ, ਗੱਲ ਬਣੇਗੀ ਨਹੀਂ। ਮੇਰੇ ਪਾਸ ਸਤ ਨਹੀਂ ਪਰ ਮੈਂ ਸਤ ਦੀਆਂ ਗੱਲਾਂ ਕਰੀ ਜਾਵਾਂ, ਗੱਲ ਬਣੇਗੀ ਨਹੀਂ। ਮੇਰੇ ਪਾਸ ਦਇਆ ਨਹੀਂ ਪਰ ਮੈਂ ਦਇਆ ਦੇ ਲੈਕਚਰ ਦੇਈ ਜਾਵਾਂ, ਲੋਕੀਂ ਕਹਿਣਗੇ ਆਪ ਤਾਂ ਦਇਆ ਵਿੱਚ ਨਹੀਂ ਆਉਂਦਾ, ਲੈਕਚਰ ਬੜੇ ਕਰਦਾ ਹੈ। ਜਿਨ੍ਹਾਂ ਪਾਸ ਧਨ ਨਹੀਂ ਉਹ ਧਨ ਦੀਆਂ ਗੱਲਾਂ ਕਰਦੇ ਹਨ, ਜਿਨ੍ਹਾਂ ਪਾਸ ਵੀਚਾਰ ਨਹੀਂ ਉਹ ਵੀਚਾਰ ਦੀਆਂ ਗੱਲਾਂ ਕਰਦੇ ਹਨ, ਜਿਨ੍ਹਾਂ ਪਾਸ ਸੰਤੋਖ ਨਹੀਂ ਉਹ ਸੰਤੋਖ ਦੀਆਂ ਗੱਲਾਂ ਕਰਦੇ ਹਨ ਤੇ ਸਚਮੁਚ ਇਵੇਂ ਹੀ ਲੱਗਦਾ ਹੈ ਜਿਨ੍ਹਾਂ ਨੇ ਅਜੇ ਤੱਕ ਪਰਮਾਤਮਾ ਨੂੰ ਦੇਖਿਆ ਨਹੀਂ ਉਹ ਪਰਮਾਤਮਾ ਦੀਆਂ ਗੱਲਾਂ ਕਰਦੇ ਹਨ। ਜੇਕਰ ਅਸੀਂ ਪਰਮਾਤਮਾ ਦੀਆਂ ਗੱਲਾਂ ਕਰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਗੱਲਾਂ ਦੇ ਮੁਤਾਬਿਕ ਪਰਮਾਤਮਾ ਦੀ ਪਹਿਚਾਣ ਭੀ ਕਰੀਏ ਤੇ ਨਿਰਮਲ ਰੀਤ ਤੇ ਚੱਲੀਏ ਜਿੱਥੋਂ ਪ੍ਰਤੀਤ ਉਪਜਦੀ ਹੈ। ਜੇ ਅੰਦਰੋਂ ਗੱਲ ਸਮਝ ਆ ਜਾਵੇ ਤਾਂ ਅੰਦਰੋਂ ਪ੍ਰਤੀਤ ਦੀ ਬਿਰਤੀ ਉਜਾਗਰ ਹੋਵੇਗੀ। ਇਕ ਗੱਲ ਹੋਰ ਸਮਝਣ


www.AKJ.Org

ਵਾਲੀ ਹੈ ਜਿਹੜੀ ਬੰਦੇ ਦੀ ਅਕਲ ਹੈ, ਸੁੱਧ ਹੈ, ਪ੍ਰਤੀਤ ਇਸ ਤੋਂ ਉੱਪਰ ਹੈ। ਇਹ ਅਕਲ ਤੋਂ ਪਰੇ ਹੈ। ਜਿਥੇ ਤੱਕ ਅਕਲ ਦੀ ਪਹੁੰਚ ਹੈ, ਉਥੇ ਪ੍ਰਤੀਤ ਦੀ ਅਵਸਥਾ ਹੀ ਹੋਰ ਹੈ। ਅਕਲ ਗੁਆ ਕੇ ਹੀ ਪ੍ਰਤੀਤ ਆਉਂਦੀ ਹੈ। ਅਕਲ ਹਰ ਗੱਲ ਦੀ ਛਾਣਬੀਣ ਕਰਦੀ ਹੈ। ਜਿਥੇ ਛਾਣਬੀਣ ਹੋਵੇਗੀ ਉਥੇ ਕਿੰਤੂ ਹੋਵੇਗਾ। ਜਿਥੇ ਕਿੰਤੂ ਪ੍ਰੰਤੂ ਹੈ ਉਥੇ ਪ੍ਰਤੀਤ ਕਿਥੇ ਹੈ ? ਉਹ ਤਾਂ ਗੁਰੂ ਦੇ ਵਿਸ਼ਵਾਸ਼ ਤੇ ਭੀ ਕਿੰਤੂ ਕਰੇਗਾ। ਉਹ ਤਾਂ ਗੁਰੂ ਦੀ ਸਾਖੀ ਤੇ ਭੀ ਕਿੰਤੂ ਕਰੇਗਾ। ਉਹ ਗੁਰੂ ਦੀ ਸੋਚ ਤੇ ਭੀ ਕਿੰਤੂ ਕਰੇਗਾ। ਉਹ ਗੁਰੂ ਦੀ ਗੱਲ ਤੇ ਭੀ ਕਿੰਤੂ ਕਰੇਗਾ। ਉਹ ਗੁਰੂ ਦੇ ਮਾਰਗ ਤੇ ਭੀ ਕਿੰਤੂ ਕਰੇਗਾ। ਅੱਜ ਅਸੀਂ ਦੇਖਦੇ ਹਾਂ ਲੋਕੀਂ ਤਰ੍ਹਾਂ ਤਰ੍ਹਾਂ ਦੀਆਂ ਕਿਤਾਬਾਂ ਲਿਖਦੇ ਹਨ, ਉਹ ਕੌਣ ਹਨ ? ਕੇਵਲ ਅਕਲ ਤੋਂ ਕੰਮ ਲੈਣ ਵਾਲੇ। ਜੇਕਰ ਪ੍ਰਤੀਤ ਹੋਵੇ ਤਾਂ ਪ੍ਰਤੀਤੀ ਦੀ ਗੱਲ ਹੀ ਕੁਝ ਹੋਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣੇ ਨੂੰ ਕਹਿਣ ਲੱਗੇ ਬਿਰਛ ਦੇ ਉਤੇ ਜਾ ਕੇ ਬ੍ਰਿਛ ਨੂੰ ਚੰਗੀ ਤਰ੍ਹਾਂ ਝੂਣੋ, ਉਥੋਂ ਮਠਿਆਈਆਂ ਝੜਨਗੀਆਂ। ਕੋਲ ਹੋਰ ਲੋਕ ਖੜ੍ਹੇ ਸਨ। ਗੁਰੂ ਸਾਹਿਬ ਦੇ ਸਾਹਿਬਜ਼ਾਦੇ ਭੀ ਖੜ੍ਹੇ ਸਨ। ਸਾਰੇ ਹੈਰਾਨ ਹੋ ਗਏ। ਸਾਹਿਬਜ਼ਾਦੇ ਕਹਿਣ ਲੱਗੇ ਕਦੇ ਦਰੱਖਤਾਂ ਨੂੰ ਮਠਿਆਈਆਂ ਲੱਗਦੀਆਂ ਹਨ ? ਕਿਉਂਕਿ ਉਨ੍ਹਾਂ ਨੂੰ ਪ੍ਰਤੀਤ ਨਹੀਂ ਸੀ। ਉਹ ਅਕਲ ਤੋਂ ਕੰਮ ਲੈ ਰਹੇ ਸਨ। ਭਾਈ ਲਹਿਣਾ ਜੀ ਦਰਖੱਤ ਤੇ ਚੜ੍ਹ ਗਏ ਤਾਂ ਸਾਹਿਬਜ਼ਾਦੇ ਬੋਲੇ, ਹੋਰ ਨੇੜੇ ਖੜੋਤੇ ਬੋਲੇ ਅਤੇ ਕਹਿਣ ਲੱਗੇ, "ਕੀ ਕਰਦੇ ਹੋ ਭਾਈ ਸਾਹਿਬ ! ਕਦੇ ਬ੍ਰਿਛ ਤੋਂ ਮਠਿਆਈਆਂ ਝੜਦੀਆਂ ਹਨ ?" ਭਾਈ ਲਹਿਣਾ ਜੀ ਕਹਿਣ ਲੱਗੇ, "ਪਿਆਰਿਓ ! ਗੁਰੂ ਦਾ ਬਚਨ ਹੀ ਮਠਿਆਈਆਂ ਹਨ।" ਗੁਰੂ ਦਾ ਬਚਨ ਬੜਾ ਮਿੱਠਾ ਹੈ। ਸਾਹਿਬ ਮਿਠਬੋਲੜਾ ਹੈ।

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।। ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।**"(ਪੰਨਾ ੭੮੪)

ਗੁਰੂ ਦੇ ਬਚਨ ਕਿਹੜੇ ਹਨ? ਉਹ ਹਨ, ਸਤਿਗੁਰਾਂ ਦੀ ਬਾਣੀ।

**"ਸਤਿਗੁਰ ਬਚਨ ਤੁਮਾਰੇ।। ਨਿਰਗੁਣ ਨਿਸਤਾਰੇ।।"** (ਪੰਨਾ ੪੦੬)

ਭਾਈ ਲਹਿਣਾ ਜੀ ਕਹਿਣ ਲੱਗੇ ਗੁਰੂ ਦਾ ਬਚਨ ਹੀ ਇਤਨਾ ਮਿੱਠਾ ਹੈ, ਇਸ ਤੋਂ ਵੱਧ ਕੋਈ ਮਿਠਾਸ ਨਹੀਂ ਹੋ ਸਕਦੀ। ਇਕ ਵਾਰ ਧੰਨ ਗੁਰੂ ਨਾਨਕ ਦੇਵ ਜੀ ਨੇ ਜਦੋਂ ਇਕ ਐਸਾ ਸਰੂਪ ਧਾਰਿਆ ਉਸ ਸਰੂਪ ਨੂੰ ਵੇਖ ਕੇ ਸਾਰੇ ਹੀ ਮਗਰ ਆਉਣ ਵਾਲੇ ਸਾਥੀ ਪਿੱਛੇ ਰਹਿ ਗਏ। ਭਾਈ ਲਹਿਣਾ ਮਗਰ ਆਉਂਦੇ ਗਏ। ਸਤਿਗੁਰੂ ਜੀ ਕਹਿਣ ਲੱਗੇ ਲਹਿਣਿਆ, *"ਸਾਰੇ ਚਲੇ ਗਏ ਪਰ ਤੂੰ ਕਿਉਂ ਨਹੀਂ ਗਿਆ ?"* ਭਾਈ ਲਹਿਣਾ ਜੀ ਬੋਲੇ, "ਸਤਿਗੁਰੂ ਜੀ ! ਮੈਨੂੰ ਤੁਹਾਡੇ ਤੋਂ ਬਿਨਾਂ ਕੋਈ ਟਿਕਾਣਾ ਹੀ ਨਹੀਂ।" ਗੱਲ ਪ੍ਰਤੀਤ ਦੀ ਹੈ। ਜਿਨ੍ਹਾਂ ਨੇ ਅਕਲ ਤੋਂ ਕੰਮ ਲਿਆ ਉਹ ਪਿਛੇ ਰਹਿ ਗਏ।ਜਿਨ੍ਹਾਂ ਨੂੰ ਪ੍ਰਤੀਤ ਸੀ ਉਹ ਮਗਰ ਆਉਂਦੇ ਗਏ। ਭਾਈ ਲਹਿਣਾ ਜੀ ਕਹਿਣ ਲੱਗੇ, "ਸਤਿਗੁਰੂ ਜੀ ! ਮੈਂ ਜਾਂਦਾ ਕਿੱਥੇ ? ਮੈਨੂੰ ਆਪ ਜੀ ਤੋਂ ਬਿਨਾਂ ਕੋਈ ਟਿਕਾਣਾ ਨਹੀਂ।" ਸਤਿਗੁਰੂ ਜੀ ਬੋਲੇ, *"ਗੁਰਮੁਖਾ ! ਟਿਕਾਣਾ ਤਾਂ ਮੈਂ ਵੀ ਕਾਫ਼ੀ ਸਮੇਂ ਤੋਂ ਲੱਭ ਰਿਹਾ ਸੀ ਕਿ ਮੈਨੂੰ ਕੋਈ ਟਿਕਾਣਾ ਮਿਲ ਜਾਏ, ਅੱਜ ਮੈਨੂੰ ਭੀ ਟਿਕਾਣਾ ਲੱਭ ਪਿਆ ਹੈ, ਮੈਂ ਤੇਰੇ ਹਿਰਦੇ ਵਿੱਚ ਨਿਵਾਸ ਕਰ ਜਾਵਾਂ।"* ਜਿਥੇ ਪ੍ਰਤੀਤ ਹੋਏਗੀ ਉੱਥੇ ਨਿਰਮਲ ਰੀਤ ਦਾ ਸੰਬੰਧ ਹੋ ਗਿਆ। ਇਹ ਹੈ ਨਿਰਮਲ ਰੀਤ ਤੇ ਪ੍ਰਤੀਤ। ਉਹੀ ਨਿਰਮਲ ਰੀਤ ਜੋ ਗੁਰੂ ਨਾਨਕ ਦੀ ਸੀ, ਉਹੀ ਨਿਰਮਲ ਰੀਤ ਗੁਰੂ ਅੰਗਦ ਦੀ ਹੋ ਗਈ। ਪਾਣੀ ਤੁਰਦਾ ਪਿਆ ਸੀ, ਪਾਣੀ ਤੁਰਦੇ ਤੁਰਦੇ ਗੁਰਮੁਖ ਨੂੰ ਅਨੁਭਵ ਹੋਇਆ ਕਿ ਪਾਣੀ ਨੂੰ ਪੁੱਛਾਂ ਪਾਣੀ ਕਿਧਰ ਜਾ ਰਿਹਾ ਹੈਂ ? ਤੂੰ ਨੀਵਾਂ ਹੀ ਜਾਈ ਜਾਂਦੈਂ, ਤੂੰ ਨੀਵਾਂ ਹੀ ਜਾਈ ਜਾਂਦੈਂ। ਗੁਰਮੁਖ ਦੇ ਅਨੁਭਵ ਵਿਚ ਇਹ ਆਇਆ ਕਿ ਪਾਣੀ ਮੈਨੂੰ ਕਹਿ ਰਿਹਾ ਹੈ ਕਿ ਮੈਂ ਜਿੱਥੋਂ ਸਮੁੰਦਰ ਤੋਂ ਉਪਜਿਆ ਸੀ, ਜਿਸਦਾ ਮੈਂ ਅੰਸ਼ ਹਾਂ, ਮੈਂ ਉਸ ਵੱਲ ਜਾ ਰਿਹਾ ਹਾਂ। ਮੋਮਬੱਤੀ ਜਲ ਰਹੀ ਸੀ, ਮੋਮਬੱਤੀ ਦੀ ਲੋਅ ਉਪਰ ਨੂੰ ਸੀ। ਮੋਮਬੱਤੀ ਨੂੰ ਪੁੱਛਿਆ, ਮੋਮ ਹੇਠਾਂ ਡਿੱਗ ਰਹੀ ਹੈ ਤੇ ਤੂੰ ਉਪਰ ਨੂੰ ਜਾ ਰਹੀ ਹੈਂ, ਕਾਰਨ ਕੀ ਹੈ ? ਗੁਰਮੁਖ ਦੇ ਅਨੁਭਵ ਵਿਚ ਇਹ ਆਇਆ ਕਿ ਲੋਅ ਕਹਿੰਦੀ ਹੈ, ਮੈਂ ਸੂਰਜ ਦੀ ਅੰਸ਼ ਹਾਂ ਮੈਂ ਸੂਰਜ ਵੱਲ ਜਾਣਾ ਚਾਹੁੰਦੀ ਹਾਂ। ਮੋਮ ਕਹਿ ਰਹੀ ਹੈ, ਮੈਂ ਇਸ ਧਰਤੀ ਦੀ ਅੰਸ਼ ਹਾਂ, ਉਸ ਧਰਤੀ ਵੱਲ ਜਾਣਾ ਚਾਹੁੰਦੀ ਹਾਂ। ਖਿਆਲ ਆਉਂਦਾ ਹੈ ਕਿ ਜੇ ਮੋਮ ਜਿਸ ਦੀ ਉਹ ਅੰਸ਼ ਹੈ, ਉਸ ਵੱਲ ਜਾਵੇ, ਜੇ ਪਾਣੀ ਜਿਸ ਦਾ ਅੰਸ਼ ਹੈ ਉਸ ਵੱਲ ਜਾਵੇ, ਜੇ ਦੀਵੇ ਦੀ ਲੋਅ ਜਿਸ ਦੀ ਅੰਸ਼ ਹੈ ਉਸ ਵੱਲ ਜਾਵੇ ਤਾਂ ਸਿੱਖਾ ! ਤੂੰ ਵੀ ਉਸ ਵੱਲ ਚੱਲ ਜਿਸ ਦਾ ਤੂੰ ਅੰਸ਼ ਹੈ। ਹੇ ਮਨੁੱਖ ! ਹੇ ਬੰਦੇ ! ਤੂੰ ਵੀ ਉਸ ਵੱਲ ਮੂੰਹ ਕਰ ਜਿਸ ਨੇ ਤੈਨੂੰ ਬੰਦਾ ਬਣਾ ਕੇ ਭੇਜਿਆ ਹੈ। ਤੂੰ ਵੀ ਉਸ ਪਾਰਬ੍ਰਹਮ ਵੱਲ ਮੂੰਹ ਕਰ, ਜਿਸ ਬ੍ਰਹਮ ਨੇ ਇਹ ਜਨ ਬਣਾਇਆ ਹੈ। ਪਰ ਮੂੰਹ ਉਹੀ ਕਰਦੇ ਹਨ, ਜਿਨ੍ਹਾਂ ਦੀ ਪ੍ਰਤੀਤ ਹੈ। ਜੇ ਪ੍ਰਤੀਤ ਨਹੀਂ ਤਾਂ ਉਹ ਤਾਂ ਉਸ ਤਰ੍ਹਾਂ ਹਨ ਜਿਵੇਂ ਕੁੱਝ ਪਾਣੀ ਜੋ ਕਿਨਾਰਾ ਤੋੜ ਕੇ ਇਕ ਪਾਸੇ ਚਲਾ ਜਾਂਦਾ ਹੈ, ਉਹ ਛੱਪੜ ਬਣ ਜਾਂਦਾ ਹੈ। ਜੋ ਕੇਵਲ ਅਕਲ ਤੋਂ ਕੰਮ ਲੈਂਦੇ ਹਨ, ਪ੍ਰਤੀਤ ਗਵਾ ਬੈਠਦੇ ਹਨ, ਉਨ੍ਹਾਂ ਦੇ ਜੀਵਨ ਦੁਰਾਚਾਰੀ ਬਣਦੇ ਵੇਖੇ ਹਨ, ਉਨ੍ਹਾਂ ਦੇ ਜੀਵਨ ਵਿਕਾਰੀ ਬਣਦੇ ਵੇਖੇ ਹਨ। (ਚਲਦਾ)



www.AKJ.Org

# "ਸਿਰੁ ਧਰਿ ਤਲੀ ਗਲੀ ਮੇਰੀ ਆਉ"

(ਡਾ. ਕੁਲਦੀਪ ਸਿੰਘ ਹਉਰਾ)

ਸਿੱਖਾਂ ਨੇ ਧਰਮ ਦੀ ਓਟ ਵਿੱਚ ਗੁਲਾਮੀ ਦੇ ਪਏ ਜੂਲੇ ਨੂੰ ਗਲੋਂ ਲਾਹੁਣ ਲਈ ਇੱਕ ਸਫਲ ਯਤਨ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇ ਕੀਤਾ ਸੀ ਤੇ ਹੁਣ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਉਹ ਸੁਤੰਤਰ-ਮਨੁਖਾਂ ਵਾਲਾ ਜੀਵਨ ਮਾਣਨ ਦੇ ਚਾਹਵਾਨ ਸਨ। ਜਿਹੜਾ ਗੁਲਾਮੀ ਦਾ ਜੂਲਾ ਉਹ ਗਲੋਂ ਲਾਹ ਚੁੱਕੇ ਸਨ, ਉਹ ਮੁੜ ਕੇ ਆਪਣੀ ਧੌਣ ਉਸ ਹੇਠਾਂ ਦੇਣ ਲਈ ਕਦਾਚਿਤ ਕਦੇ ਵੀ ਤਿਆਰ ਨਹੀਂ ਸਨ। ਉਹ ਸੁਤੰਤਰ-ਮਨੁੱਖਾਂ ਵਾਲਾ ਜੀਵਨ ਜਿਉਣਾ ਚਾਹੁੰਦੇ ਸਨ, ਗੁਲਾਮੀ ਵਾਲਾ ਨਹੀਂ। ਜਦੋ ਸੁਤੰਤਰਤਾ ਪਰਚਾਰ ਕੇਂਦਰ ਅਨੰਦਪੁਰ ਵਿੱਚ ਸਥਾਪਤ ਹੋਇਆ ਤਾਂ ਬ੍ਰਾਹਮਣਾਂ ਦੇ ਅਸਰ ਹੇਠ ਕਰਮ-ਕਾਂਡੀ ਜੀਵਨ ਜੀਊ ਰਹੇ ਪਹਾੜੀ ਰਾਜੇ ਬਹੁਤ ਘਬਰਾਏ ਤੇ ਕਈ ਬਹਾਨੇ ਬਣਾ ਬਣਾ ਕੇ ਮੁਗਲ ਸ਼ਾਸ਼ਕਾਂ ਦੀ ਸਹਾਇਤਾ ਨਾਲ ਗੁਰੂ ਗੋਬਿੰਦ ਸਿੰਘ ਜੀ ਨਾਲ ਟੱਕਰ ਲੈਣ ਦੇ ਬਹਾਨੇ ਸੋਚਦੇ ਰਹਿੰਦੇ ਤੇ ਉਨ੍ਹਾਂ ਕਈ ਟੱਕਰਾਂ ਲਈਆਂ ਵੀ ਪਰ ਸਫ਼ਲ ਨਾ ਹੋ ਸਕੇ। ਜਿਨ੍ਹਾਂ ਲੋਕਾਂ ਨੂੰ ਉਹ ਅੱਜ ਤੱਕ ਸ਼ੂਦਰ ਸ਼ੂਦਰ ਆਖ ਕੇ ਤ੍ਰਿਸਕਾਰਦੇ ਤੇ ਦੁਰਕਾਰਦੇ ਰਹੇ ਸਨ, ਜਦੋਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਮਿਲੇ ਉਤਸ਼ਾਹ ਕਾਰਨ ਉਨ੍ਹਾਂ ਸਿੱਧੀਆਂ ਟੱਕਰਾਂ ਲਈਆਂ ਤਾਂ ਪਹਾੜੀ ਰਾਜੇ ਕ੍ਰੋਧ-ਵੱਸ ਬਦਲੇ ਦੀ ਭਾਵਨਾ ਨਾਲ ਘਟੀਆ ਕਾਰਵਾਈਆਂ ਕਰਨ ਲੱਗ ਪਏ। ਤੇ ਪਰ "**ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ**" ਦੇ ਕਥਨ ਅਨੁਸਾਰ ਇੱਧਰ ਸਿੱਖਾਂ ਅੰਦਰ ਵੀ ਵਿਰੋਧ ਦੀ ਅੱਗ ਭੜਕਣ ਲੱਗੀ। ਪਰ ਗੁਰੂ ਗੋਬਿੰਦ ਸਿੰਘ ਜੀ ਬਦਲੇ ਦੀ ਅੱਗ ਦੇ ਭਿਆਨਕ ਨਤੀਜਿਆਂ ਤੋਂ ਜਾਣੂ ਸਨ। ਸੋ ਆਪ ਨੇ ਸਿੱਖਾਂ ਨੂੰ ਐਸੀ ਘਟੀਆ ਭਾਵਨਾ ਤੋਂ ਸੁਚੇਤ ਕਰਦਿਆਂ ਹੋਇਆਂ, ਇਸ ਤੋਂ ਬਚਣ ਲਈ ਕਿਹਾ। ਗੁਰੂ ਸਾਹਿਬ ਤਾਂ ਸਿੱਖਾਂ ਦਾ ਸਰਬ ਪੱਖੀ ਵਿਕਾਸ ਕਰਨਾ ਚਾਹੁੰਦੇ ਸਨ, ਇਸ ਲਈ ਆਪ ਨੇ ਸਿੱਖਾਂ ਨੂੰ ਘਟੀਆ ਆਦਤਾਂ ਤੋਂ ਬਚਾਉਣ ਲਈ ਅਧੋਗਤੀ ਦੇ ਟੋਏ ਵਿਚ ਨਾ ਡਿੱਗਣ ਦਾ ਪ੍ਰੋਗਰਾਮ ਉਲੀਕਿਆ। ਉਨ੍ਹਾਂ ਅਨੁਭਵ ਕੀਤਾ ਕਿ ਆਦਰਸ਼ ਦੀ ਪ੍ਰਾਪਤੀ ਲਈ ਸਿੱਖਾਂ ਨੂੰ ਹੁਣ ਜ਼ੁਲਮ ਦਾ ਟਾਕਰਾ ਦ੍ਰਿੜ੍ਹਤਾ ਅਤੇ ਸੂਰਮਗਤੀ ਨਾਲ ਕਰਨਾ ਪਵੇਗਾ। ਇਸ ਲਈ ਸਿੱਖਾਂ ਨੂੰ ਉਚ ਆਚਰਣ ਵਾਲਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਕਿਉਂਕਿ ਸਫਲ ਜੀਵਨ ਲਈ ਸੱਚੇ ਆਚਾਰ ਦੀ ਬਹੁਤ ਲੋੜ ਹੈ।

ਜਿਵੇਂ ਮਨੁੱਖੀ ਸੁੱਤੀਆਂ-ਸ਼ਕਤੀਆਂ ਨੂੰ ਜਗਾਉਣ ਲਈ ਕੋਈ ਕ੍ਰਾਂਤੀਕਾਰੀ ਢੰਗ ਵਰਤਣਾ ਪੈਂਦਾ ਹੈ, ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖਾਂ ਨੂੰ ਆਚਰਣਕ-ਪਤਨ ਦੇ ਗੰਭੀਰ ਸਿੱਟਿਆਂ ਤੋ ਖਬਰਦਾਰ ਕਰਨ ਲਈ ਇੱਕ ਅਨੋਖਾ ਢੰਗ ਅਖਤਿਆਰ ਕਰਨਾ ਪਿਆ। 1699 ਦੀ ਵਿਸਾਖੀ ਸਮੇਂ ਆਪ ਨੇ ਉਚੇਚੇ ਸੱਦੇ ਭੇਜ ਕੇ ਸਿੱਖ ਸੰਗਤਾਂ ਨੂੰ ਅਨੰਦਪੁਰ ਸਾਹਿਬ ਸੱਦਿਆ। ਵਿਸਾਖੀ ਤੇ ਦੀਵਾਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਜਿਆ ਹੋਇਆ ਸੀ। ਕੀਰਤਨ ਤੇ ਸ਼ਬਦ ਵੀਚਾਰ ਹੋ ਚੁੱਕਣ ਪਿਛੋਂ ਗੁਰੂ ਸਾਹਿਬ ਬੜੇ ਜਲਾਲ 'ਚ ਸਟੇਜ ਤੇ ਆਏ ਤੇ ਮਿਆਨ ਵਿਚੋਂ ਲਸ਼ਕਦੀ 'ਸ੍ਰੀ ਸਾਹਿਬ' ਕੱਢ ਕੇ ਸੰਗਤ ਨੂੰ ਲਲਕਾਰਿਆ ਤੇ ਵੰਗਾਰਿਆ *"ਮੈਨੂੰ ਸਿਰ ਚਾਹੀਦੇ ਹਨ।"*

ਗੁਰੂ ਸਾਹਿਬ ਦੀ ਵੰਗਾਰ ਸੁਣ ਕੇ ਇਕ ਵਾਰੀ ਤਾਂ ਸਭ ਪਾਸੇ ਸੰਨਾਟਾ ਛਾ ਗਿਆ। ਘੁਸਰ ਮੁਸਰ ਸ਼ੁਰੂ ਹੋ ਗਈ। ਭੈਅ ਤੇ ਸਹਿਮ ਦਾ ਵਾਯੂਮੰਡਲ ਸੀ ਸਾਰੇ ਪਾਸੇ। ਕਈ ਹੌਲੀ ਹੌਲੀ ਉਥੋਂ ਖਿਸਕਣ ਲੱਗੇ। ਜਦੋਂ ਗੁਰੂ ਸਾਹਿਬ ਨੇ ਫਿਰ ਜਲਾਲ ਵਿੱਚ ਆ ਕੇ ਸਿਰਾਂ ਦੀ ਮੰਗ ਕੀਤੀ ਤੇ ਜਿਨ੍ਹਾਂ ਨੇ "**ਸਿਰੁ ਧਰਿ ਤਲੀ ਗਲੀ ਮੇਰੀ ਆਉ**" ਦਾ ਸਬਕ ਸਮਝਿਆ ਹੋਇਆ ਸੀ, ਉਹ ਵਾਰੀ ਵਾਰੀ ਇਕ ਇਕ ਕਰਕੇ ਪੰਜ ਜਣੇ, ਸੰਗਤ ਵਿੱਚੋਂ ਉਠੇ ਤੇ ਹੱਥ ਜੋੜ ਕੇ ਖਲੋ ਗਏ ਤੇ ਸੀਸ-ਭੇਟ ਕਰਨ ਦੀ ਇੱਛਾ ਪ੍ਰਗਟਾਈ। ਉਹ ਪੰਜ, ਜਿਨ੍ਹਾਂ ਨੂੰ "ਪ੍ਰੇਮ ਖੇਲਣ ਦਾ ਚਾਅ" ਸੀ, ਸਨ-ਭਾਈ ਦਇਆ ਰਾਮ, ਭਾਈ ਧਰਮ ਚੰਦ, ਭਾਈ ਹਿੰਮਤ ਰਾਏ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਨਾਵਾਂ ਦਾ ਇਹ ਇਕ ਅਨੋਖਾ ਸੁਮੇਲ ਸੀ। ਦਇਆ ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ। ਦਇਆ ਤੇ ਧਰਮ ਮਨ ਵਿਚ ਉਪਜਿਆਂ ਮਨੁੱਖ ਵਿੱਚ ਬਲ ਤੇ ਹਿੰਮਤ ਆਉਂਦੀ ਹੈ। ਹਿੰਮਤ ਨਾਲ ਵਿਅਕਤੀ ਮੁਹਕਮ (ਮਜ਼ਬੂਤ) ਹੋ ਜਾਂਦਾ ਹੈ। ਮਜ਼ਬੂਤੀ ਤੇ ਤਗੜਾ ਹੋ ਕੇ ਉਹ ਸਾਹਿਬ ਦੇ ਦਰ ਉੱਤੇ ਕਬੂਲ ਹੋਣ ਦਾ ਫਖਰ ਹਾਸਲ ਕਰਦਾ ਹੈ।



www.AKJ.Org

ਇਹ ਕੌਤਕ ਸੀ "ਸਿਰ ਤਲੀ ਉਤੇ ਰੱਖਣ ਦਾ।" ਗੁਰੂ ਸਾਹਿਬ ਨੇ ਸਿਰ ਤਲੀ ਉੱਤੇ ਰੱਖਣ ਦਾ ਭਾਵ ਸਮਝਾਉਂਦਿਆਂ ਕਿਹਾ ਕਿ ਜੇ ਉੱਚ ਜਾਤੀ ਦੇ ਲੋਕ ਮੁਗਲ-ਸ਼ਾਸ਼ਕਾਂ ਦੇ ਜੂਲੇ ਹੇਠੋਂ ਨਿਕਲਣਾ ਹੈ ਤਾਂ ਸੁਆਰਥੀ ਜੀਵਨ ਜਿਊਣ ਦੀ ਬਜਾਏ ਦੂਜਿਆਂ ਖਾਤਰ ਮਰਨ ਦੀ ਜਾਚ ਸਿੱਖਣੀ ਪਵੇਗੀ। ਇਹ ਹੀ ਹੈ ਸਿਰ ਤਲੀ ਉੱਤੇ ਰੱਖਣਾ ਜਾਂ ਆਪਾ ਵਾਰਨਾ।

ਇਹ ਵੀ ਇਕ ਅਨੋਖਾ ਸੁਮੇਲ ਸੀ ਕਿ ਜੋ ਪੰਜ ਸਿਰ ਵਾਰਨ ਵਾਲੇ ਹਜ਼ਾਰਾਂ ਦੀ ਗਿਣਤੀ ਵਿਚੋਂ ਨਿਤਰੇ, ਉਹ ਪੰਜ ਵੱਖ ਵੱਖ ਜ਼ਾਤੀਆਂ ਦੇ ਤੇ ਦੇਸ਼ ਦੇ ਅੱਡ ਅੱਡ ਭਾਗਾਂ ਵਿਚੋਂ ਆਏ ਹੋਏ ਸਨ। ਉਹ ਪੰਜ ਹੀ "ਖਾਲਸਾ" ਹੋ ਗਏ ਤੇ ਰਾਸ਼ਟਰੀ-ਏਕਤਾ ਤੇ ਸਦਭਾਵਨਾ ਦੇ ਪ੍ਰਤੀਕ ਬਣ ਗਏ। ਹੁਣ ਉਹ "**ਏਕੁ ਪਿਤਾ ਏਕਸ ਕੇ ਹਮ ਬਾਰਿਕ**" ਦੇ ਮੁੱਦਈ ਬਣ ਚੁੱਕੇ ਸਨ ਤੇ ਉਹਨਾਂ ਦੀ ਭਾਵਨਾ "**ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।**" (ਪੰਨਾ ੯੭) ਵਾਲੀ ਹੋ ਚੁੱਕੀ ਸੀ। ਭਾਵਨਾਤਮਕ ਏਕਤਾ ਦੀ ਇਸ ਤੋਂ ਚੰਗੀ ਮਿਸਾਲ ਮਿਲਣੀ ਮੁਸ਼ਕਿਲ ਹੈ।

ਉਸ ਦਿਨ ਦਾ ਸਮਾਗਮ ਵਿਸ਼ੇਸ਼ ਸੀ ਤੇ ਇਸ ਵਿੱਚ ਸਭ ਪ੍ਰਬੰਧ ਵਿਸ਼ੇਸ਼ ਪੱਧਰ ਉੱਤੇ ਕੀਤੇ ਗਏ ਸਨ। ਪੰਜ ਬਾਣੀਆਂ ਪੜ੍ਹ ਕੇ, ਸਰਬ-ਲੋਹ ਦੇ ਖੰਡੇ-ਬਾਟੇ ਨਾਲ ਤਿਆਰ ਕੀਤਾ "ਅੰਮ੍ਰਿਤ" ਉਨ੍ਹਾਂ ਪੰਜਾਂ ਨੂੰ ਛਕਾਇਆ ਗਿਆ। ਅੰਮ੍ਰਿਤ ਛੱਕ ਕੇ ਉਨ੍ਹਾਂ ਅੰਦਰ ਨਵਾਂ ਜਮਾਲ, ਨਵਾਂ ਜਲਾਲ ਪੈਦਾ ਹੋਇਆ ਤੇ ਉਹਨਾਂ ਅੰਦਰ ਆਤਮਿਕ-ਹੁਲਾਰ ਆਇਆ। ਉਹਨਾਂ ਦੇ ਨਾਮ ਤਬਦੀਲ ਕਰਕੇ ਉਸ ਹੁਲਾਰ ਨੂੰ ਹੋਰ ਉਤਸ਼ਾਹਤ ਕੀਤਾ ਗਿਆ। ਉਨ੍ਹਾਂ ਵਿਚਲਾ ਵਿਤਕਰਾ ਸਮਾਪਤ ਕਰਨ ਲਈ ਰਾਮ, ਦਾਸ, ਰਾਇ, ਚੰਦ ਆਦਿ ਦੀ ਥਾਂ ਇਕੋ "ਸਿੰਘ" ਸ਼ਬਦ ਲਗਾਇਆ ਗਿਆ। ਹੁਣ ਉਹ ਗੁਰੂ ਦੇ "ਪੰਜ ਪਿਆਰੇ" ਬਣ ਚੁੱਕੇ ਸਨ। ਲੰਡੀ ਬੁੱਚੀ ਨਹੀਂ ਸਨ ਰਹੇ। ਜਦ ਪੰਜੇ ਪ੍ਰਵਾਨ ਹੋ ਕੇ, ਅੰਮ੍ਰਿਤ ਛੱਕ ਕੇ, ਤਿਆਰ-ਬਰ-ਤਿਆਰ ਸਿੰਘ ਸਜ ਗਏ ਤਾਂ ਉਹ ਗੁਰੂ-ਰੂਪ ਹੋ ਗਏ। ਗੁਰੂ ਸਾਹਿਬ ਨੇ ਉਹਨਾਂ ਨੂੰ ਬੇਨਤੀ ਕੀਤੀ, "ਖਾਲਸਾ ਜੀ ! ਹੁਣ ਵਿਧੀ-ਪੂਰਬਕ ਅੰਮ੍ਰਿਤ ਤਿਆਰ ਕਰਕੇ "ਗੋਬਿੰਦ ਰਾਇ" ਨੂੰ ਵੀ ਇਹ ਦਾਤ ਬਖਸ਼ੋ ਤੇ ਉਸ ਨੂੰ ਵੀ ਸਿੰਘ ਸਜਾਓ।" ਇਹ ਅਲੌਕਿਕ ਦ੍ਰਿਸ਼ ਸੀ ਕਿ ਸਮਰੱਥ ਗੁਰੂ ਆਪਣੇ ਹੀ ਸਜਾਏ ਹੋਏ ਸਿੰਘਾਂ ਦਾ ਸਿੱਖ ਬਣਿਆ। ਗੁਰੂ ਸਾਹਿਬ ਨੂੰ ਅੰਮ੍ਰਿਤ ਛਕਾ ਕੇ, ਉਨ੍ਹਾਂ ਦਾ ਨਾਮ "ਗੋਬਿੰਦ ਸਿੰਘ" ਰੱਖਿਆ ਗਿਆ। ਇਸੇ ਕਰਕੇ ਭਾਈ ਗੁਰਦਾਸ ਸਿੰਘ ਜੀ ਨੇ ਲਿਖਿਆ ਹੈ, "**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ**"। (ਵਾਰ 41, ਪਉੜੀ ਪਹਿਲੀ)

ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਪੰਜ ਪਿਆਰਿਆਂ ਨੇ ਫੇਰ ਹੋਰ 25 ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਇਸ ਤਰ੍ਹਾਂ ਅੰਮ੍ਰਿਤ ਛਕਾਉਣ ਲਈ ਛੇ ਜੱਥੇ ਤਿਆਰ ਹੋ ਗਏ। ਅੰਮ੍ਰਿਤ ਛਕਾਉਣ ਦੀ ਕ੍ਰਿਆ ਸਾਰਾ ਦਿਨ ਚਲਦੀ ਰਹੀ। ਉਸ ਦਿਨ ਸ਼ਾਮ ਤੱਕ ਹਜ਼ਾਰਾਂ ਸਿੰਘ ਅੰਮ੍ਰਿਤ ਛੱਕ ਚੁੱਕੇ ਸਨ। ਜੋ ਦੀਵਾਨ ਵਿਚੋਂ ਖਿਸਕ ਗਏ ਸਨ, ਉਹ ਵੀ ਵਾਪਸ ਆ ਗਏ ਸਨ। ਉਸ ਦਿਨ ਭਾਵ ਵਿਸਾਖੀ 1699 ਵਾਲੇ ਦਿਨ ਗੁਰੂ ਕਲਗੀਧਰ ਜੀ ਨੇ ਅੰਮ੍ਰਿਤਧਾਰੀ ਸਿੰਘਾਂ ਨੂੰ "ਖਾਲਸਾ ਪੰਥ" ਦਾ ਲਕਬ ਬਖਸ਼ਿਆ ਅਤੇ ਹੁਕਮ ਕੀਤਾ ਕਿ ਆਪਸ ਵਿੱਚ ਮਿਲਣ ਸਮੇਂ ਇੱਕ ਦੂਜੇ ਨੂੰ *"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"* ਕਹਿਕੇ ਬੁਲਾਇਆ ਜਾਵੇ। ਇਸ ਤੋਂ ਇਹ ਦ੍ਰਿੜ ਕਰਾਉਣਾ ਸੀ ਕਿ ਜਿਸ ਵਾਹਿਗੁਰੂ ਦਾ ਖਾਲਸਾ ਹੈ, ਉਹ ਵਾਹਿਗੁਰੂ ਹੀ ਉਸ ਦਾ ਰਾਖਾ ਹੈ। ਇਸ ਨਾਲ ਸਿੱਖਾਂ ਅੰਦਰ ਚੜ੍ਹਦੀ ਕਲਾ ਵਾਲਾ ਅਹਿਸਾਸ ਪੈਦਾ ਹੋ ਗਿਆ। ਖਾਲਸਾ ਪੰਥ ਦੀ ਸਾਜਨਾ ਕਰਕੇ ਗੁਰੂ ਸਾਹਿਬ ਨੇ ਇਕ ਵੱਡਾ ਇਨਕਲਾਬੀ ਕਾਰਨਾਮਾ ਕਰ ਵਿਖਾਇਆ, ਜਿਸ ਨਾਲ ਸ਼ਖਸੀ ਗੁਰੂ ਵਾਲੀ ਪ੍ਰਥਾ ਉਸੇ ਦਿਨ ਤੋਂ ਖਤਮ ਹੋ ਗਈ।

* * * * *

**ਸਾਚੀ ਬਾਣੀ ਸਿਉ ਧਰੇ ਪਿਆਰੁ।।**
**ਤਾ ਕੋ ਪਾਵੈ ਮੋਖ ਦੁਆਰੁ।।** (ਪੰਨਾ ੬੬੧)

ਕਾਹਲੀ ਕਾਹਲੀ ਰਸਮ ਮੂਜਬ ਕੀਤੇ ਗੁਰਬਾਣੀ ਦੇ ਪਾਠ ਦਾ ਕੋਈ ਬਹੁਤਾ ਲਾਭ ਨਹੀਂ। ਸਹਿਜ ਵਿੱਚ ਪ੍ਰੇਮ ਸਹਿਤ ਕੀਤੇ ਪਾਠ ਦਾ ਹੀ ਰਸ ਆਉਂਦਾ ਹੈ ਅਤੇ ਗੁਰੂ ਦੀ ਮੇਹਰ ਹੁੰਦੀ ਹੈ। ਸਾਨੂੰ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਨੀ ਤੇ ਗਾਉਣੀ ਚਾਹੀਦੀ ਹੈ। ਬਾਣੀ ਪੜ੍ਹਦਿਆਂ ਗਾਉਂਦਿਆਂ ਸਾਡਾ ਉਚਾਰਣ ਸ਼ੁੱਧ ਹੋਣਾ ਚਾਹੀਦਾ ਹੈ, ਤਾਹੀਉਂ ਸਾਨੂੰ ਬਾਣੀ ਦੇ ਅਰਥਾਂ ਦੀ ਸੋਝੀ ਪਵੇਗੀ ਅਤੇ ਅਸੀਂ ਗੁਰ-ਉਪਦੇਸ਼ ਨੂੰ ਮਨ ਵਸਾ ਸਕਾਂਗੇ।



www.AKJ.Org

# What the modern western writers think about Sikhism & Gurbani ?

(Dr.Gurbaksh Singh)

1. Miss Pearl S.Buck, a noble laureate, while giving her comments on the English translation of the Granth Sahib,wrote"I have studied the scriptures of the great religions,but I do not find else where the same power of appeal to the heart and mind as I find here in these volumes.They are compact in spite of their length and are a revelation of the vast reach of the human heart. varying from the most noble concept of God to the recognition and indeed the insistence upon the practical needs of the human body. There is something strangely modern about these scriptures and this puzzled me until I learned that they are in fact comparatively modern,compiled as late as the 16th century. when explorers were beginning to discover that the globe,upon which we all live,is a single entity divided only by arbitrary line of our own making.Perhaps this sense of unity is the source of power I find in these volumes. They speak to person of any religion or of none. They speak for human heart and the searching mind."

2. H.L.Bradshaw,a well known professor, after thoroughly studying the philosophy of Sikhism observed:Sikhism is a Universal world faith,a message for all men. This is amply illustrated in the writings of the Gurus. Sikhs must cease to think of their faith as 'just another good religion'and must begin to think in terms of Sikhism being the religion for this New Age......... The religion preached by Guru Nanak is the faith of the New Age. It completely suupplants and fulfills all the former dispensations of older religions.Book must be written proving this. The other religions contain the turth but sikhism contains the fullness of turth........

Bradshaw also says: Guru Granth Sahib of all the world religious, alone states that there are innumerable worlds and universes other than our own. The previous scriptures were all concerned only with this world and its spiritual counterpart. To imply that they spoke of other worlds as does the Guru Granth Sahib. is to stretch their obvious meaning out of context. The Sikh religion is truly the answer to the problems of modern man.

Archer very rightly commented."The religion of the Adi Granth is a universal and practical religion......Due to ancient prejudices of the Sikhs it could not spread in the world. The world needs today its message of peace and love".

3. Another writer Dorothy Field writes : Pure Sikhism is far above dependence on Hindu rituals and is capable of a distinct position as a world religion as long as Sikhs maintain their distinctiveness. The religion is also one which should appeal to the occidental mind. it is essentially a practical religion . If judged from the pragmatical stand point which is a favourite point of view in some quarters, It would rank almost first in the world (Emphasis by the author) Of no other religion can it be said that it has made a nation in so short a time .Field further observed; The religion of the Sikhs is one of the most interesting at present existing in India, possibly indeed in the whole world. A reading of theGranth strongly suggests that Sikhism should be regaded as a new and separate world relgion rather than a reformed sect of Hinduism.

4 Arnold Toynbee, an historian who has done much work in comparing cultures, writes; Mankind's religious future may be obscure; yet one thing can be foreseen. The living higher religions are going to influence each other more than ever before, in the days of increasing communications between all parts of the world and branches of human race. In this coming religious debate, the Sikh religion and its scriptures, the Adi Granth , will have somthing special of value to say to the rest of the world.

In other words, It is not only Sikhs who see that Sikhism unlike most other religions, is a philosophy which has validity for all cutures but non-Sikh writers also strongly endorse this view.

It will also be interesting to know the comments of Dr. W.O. Cole, Chairman - Consultant, Religious Education Projects, U.K. who has written half a dozen books on Sikhism. In 1985, he visited India where communal disturbances had created a virtual turmoil and thosands of perople



www.AKJ.Org

having killed; he gave a messages to Punjabis (through them to the whole of humanity): Remeber the tenets of Guru Nanak, his concepts of oneness of God and Universal Brother-hood of man. If any community holds the key to national integration of India, It is the Sikhs all the way.

After a key note lecture by him on the 'Mission and Message of Guru Nanak Dev' he was asked what drew him to the study of Sikhism? He replied, " Theologically, I can not answer it. You may call it, the purpose of God. But to be more specific, the unique concept of universality and the system of Langer (free community meal) in Sikhism are the two features that attract me towards the study of Sikhism. Langer is the exclusive feature of Sikhism and found nowhere else in the world. Sikhism is the only religion which welcomes each and everyone to the langer without any discrimination of caste, creed, color or sex."

Opinion of some hindu mystics also needs to be quoted to know their experiencs with sikh faith. Swami Nitya Nand (expired at the age of 135 years)writes in his boooks "Gur GIAN":I,in the company of my guru , Brahma Nandji went to mathra......While on pilgrimage tour, we reached punjab and there `we met Swami Satya Nand Udasi. He explained the philosophy and religious practices of Nanak in such a way that Swami Brahma Nand ji enjoyed a mystic lore. During the visit to the Golden Temple , Amritsar,his soul was so much affected ,that he became a devote of the Guru . After spending sometime in the punjab he went to Hardwar .Though he was hail and hearty, one day i saw tears in his eyes . I asked the reason for that . He replied ,"I sifted sand whole of my life.The Truth was in the house of Nanak . I will have to take one more birth in that house, only then I will attain Kalyan" After saying that the soul left his body.

Swami Nitya Nand also wrote his own experience: I also constantly meditate on Waheguru revealed by Nanak. I practiced Yoga Asanas under the guidance of Yogis and did that for many years, The bliss and peace. Which I enjoy now, was never obtained earlier. ※※※※※

## "ਸੂਰਾ" ਨਵੰਬਰ ੧੯੯੫ ਵਿੱਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

੧. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਹੇਠ ਲਿਖਿਆ ਮੁੱਖ ਉਪਦੇਸ਼ ਦਿੱਤਾ-
(ੳ) ਕੇਸ ਨਹੀਂ ਕਟਾਉਣੇ (ਅ) ਪਿਛਲੀ ਰਾਤ ਉੱਠ ਕੇ ਪ੍ਰਭੂ ਦਾ ਨਾਮ ਜਪਣਾ।
(ੲ) ਆਏ ਗਏ ਭਲੇ ਪੁਰਸ਼ ਦੀ ਸੇਵਾ ਕਰਨੀ।

੨. ਤੀਨੇ ਤਾਪ ਹਨ-
(1) ਆਧਿ (2) ਬਿਆਧਿ (3) ਉਪਾਧਿ।

੩. ਮੁਗਲ ਰਾਜ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਦਾ ਬਦਲਾ ਲੈਣ ਵਾਲੇ ਸੂਰਬੀਰ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਸਨ।
ਭਾਈ ਸੁੱਖਾ ਸਿੰਘ ਪਿੰਡ ਮਾੜੀ ਕੰਬੋ ਜ਼ਿਲਾ ਅੰਮ੍ਰਿਤਸਰ ਦਾ ਵਾਸੀ ਅਤੇ ਭਾਈ ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ।

੪. ਗੁਰਸਿੱਖਾਂ ਨੂੰ ਮ੍ਰਿਤਕ ਪ੍ਰਾਣੀ ਦੇ ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰ ਪੁਰ ਸਾਹਿਬ ਆਦਿ ਥਾਵਾਂ ਤੇ ਜਾ ਕੇ ਨਹੀਂ ਪਾਉਣੇ ਚਾਹੀਦੇ। ਇਸ ਬਾਰੇ ਸਿੱਖ ਮਰਯਾਦਾ ਇਉਂ ਹੈ-
ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ।

੫. "ਕੋਊ ਬੁਤਾਨ ਕੋ ਪੂਜਤ ਹੈ ਪਸੁ" ਵਾਲੀਆਂ ਪੰਗਤੀਆਂ ਦੇ ਅਰਥ ਇਉਂ ਹਨ-
ਕੋਈ ਮੂਰਖ (ਪਸ਼ੂ) ਬੁੱਤਾਂ ਨੂੰ ਰੱਬ ਸਮਝ ਕੇ ਪੂਜਦਾ ਹੈ, ਕੋਈ ਮੁਰਦਿਆਂ (ਕਬਰਾਂ) ਨੂੰ ਪੂਜਣ ਲਈ ਭੱਜਿਆਂ ਫਿਰਦਾ ਹੈ। ਸਾਰਾ ਹੀ ਜੱਗ (ਦੁਨੀਆਂ) ਝੂਠੀਆਂ ਰਸਮਾਂ (ਕੰਮਾਂ) ਵਿਚ ਉਲਝਿਆ ਪਿਆ ਹੈ, ਪਰਮਾਤਮਾ ਦਾ ਭੇਦ ਕਿਸੇ ਨਹੀਂ ਪਾਇਆ।



www.AKJ.Org

# ਸ਼ਹੀਦ ਬਾਬਾ ਦੀਪ ਸਿੰਘ ਜੀ

(ਡਾ. ਕੁਲਦੀਪ ਸਿੰਘ ਹਊਰਾ)

ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡੇਰਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ। ਸਿੱਖ ਸ਼ਹੀਦ ਦੇ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ "ਸ਼ਹੀਦੀ" ਨੂੰ ਸਦਾ ਯਾਦ ਰਖਦੇ ਰਹੇ ਹਨ ਤੇ ਵਕਤ ਪੈਣ ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਣ ਇਹ ਹੈ ਕਿ ਉਨ੍ਹਾਂ ਕਦੇ ਹਰੀ ਪ੍ਰਮਾਤਮਾ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ ਤੇ ਸਦਾ "ਉਸਦਾ" ਨਾਮ ਤੇ ਦਿਲ ਵਿੱਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ **"ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮਹਿ ਤਬ ਜੂਝ ਮਰੋ।"** ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਹਨਾਂ ਹੱਸ ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਦੇਸ਼ ਤੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਕੀਤੀਆਂ।

ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੭ ਜਨਵਰੀ ੧੬੮੨ ਨੂੰ ਪਹੂ ਵਿੰਡ, ਤਹਿਸੀਲ ਪੱਟੀ, ਜ਼ਿਲਾ ਅੰਮ੍ਰਿਤਸਰ ਵਿਚ, ਭਾਈ ਭਗਤਾ ਜੀ ਦੇ ਘਰ, ਮਾਤਾ ਜਿਊਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਪਾਸ ਅਨੰਦਪੁਰ ਹਾਜ਼ਰ ਹੋ ਗਏ ਤੇ ੧੭੦੧ ਵਿਚ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਬਚਪਨ ਤੋਂ ਜਵਾਨੀ ਤੱਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਜਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੋਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ। ੧੭੬੪ ਬ੍ਰਿਕਮੀ ਤੱਕ ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ ਨਾਲ ਦਿੱਲੀ ਆ ਗਏ। ਜਦੋਂ ਹਾਲਾਤ ਕੁੱਝ ਸਾਜਗਾਰ ਹੋਏ ਤਾਂ ਆਪ ਗੁਰੂ-ਮਹਿਲਾ ਨਾਲ ਪੰਜਾਬ ਮੁੜ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ । ਆਪ ਬੜੇ ਨੇਮੀ ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾ ਆਪ ਬਾਬਾ ਦੀਪ ਸਿੰਘ ਨੂੰ ਉੱਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਸਿੰਘ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ । ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ ਮਹਿਲਾ ਪਾਸ ਛੱਡ ਗਏ ।

ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਪਿੱਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾ ਬਾਬਾ ਜੀ ਵੀ ਆਪ ਦੀ ਫੌਜ਼ ਵਿਚ ਸ਼ਾਮਿਲ ਹੋ ਗਏ ਅਤੇ ਸਰਹੰਦ, ਸਢੌਰਾ, ਆਦਿ ਥਾਵਾਂ ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਏ। ਇਸ ਤੇ ਆਪ ਸਿੱਖ ਫੌਜ਼ਾਂ ਵਿੰਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਅਤਿ ਸੁੰਦਰ ਬੀੜਾਂ ਹੱਥੀਂ ਲਿਖੀਆਂ ਤੇ ਚਾਰੇ ਤਖਤ ਸਾਹਿਬਾਨ ਤੇ ਭੇਂਟ ਕਰ ਦਿੱਤੀਆਂ। ਉਪਰੰਤ ਫੇਰ ਆਪ ਗੁਰਮਤਿ ਪਰਚਾਰ ਵਿਚ ਜੁੱਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸਦੇ ਸਾਹਮਣੇ ਟਿਕੇ ਜੋ



www.AKJ.Org

ਉਸ ਨਾਲ ਦੋ-ਦੋ ਹੱਥ ਕਰਦੇ ਰਹੇ। ਅਬਦਾਲੀ ਨੂੰ ਪਤਾ ਲੱਗ ਚੁੱਕਾ ਸੀ ਕਿ ਜਦ ਤੱਕ ਸਿੱਖ ਉਸਦੇ ਰਾਹ ਵਿਚੋਂ ਨਹੀਂ ਹੱਟਦੇ, ਉਸਦਾ ਹਿੰਦੁਸਤਾਨ ਤੇ ਕਬਜ਼ਾ ਕਰਨ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ ਤੇ ਸਖਤੀ ਕਰਨੀ ਸ਼ੁਰੂ ਕਰਾ ਦਿੱਤੀ। ਉਸਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖਬਰ ਸੁਣਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਹਨਾਂ ਦੇ ਡੌਲੇ ਫਰਕੇ ਅਤੇ ਉਹਨਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰ ਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ ਦਰ ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ। ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹ ਰਲੇ ਜਿਸ ਨੂੰ ਸਿਰ ਪਿਆਰਾ ਨਾ ਹੋਵੇ, ਗੁਰੂ ਘਰ ਪਿਆਰਾ ਹੋਵੇ। ਆਪ ਨੇ ਕਿਹਾ,"ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।"

ਇਹ ਖੇਡ ਸੀ, '*ਸਿਰ ਤਲੀ ਤੇ ਰੱਖ ਕੇ ਲੜਨ ਦੀ।* ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ। ਸੋ ਉਹਨਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਮੇਰੇ ਵਾਂਗ ਸਿਰ ਤਲੀ ਉੱਤੇ ਰੱਖਿਆ ਹੋਵੇ। ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉੱਤੇ ਇੱਕ ਲਕੀਰ ਖਿੱਚ ਕੇ, ਉਹਨਾਂ ਸੂਰਬੀਰਾ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆਂ, ਜਿਨ੍ਹਾਂ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ। ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋ ਇੱਕ ਵੀ ਐਸਾ ਨਾ ਰਿਹਾ, ਜਿਸ ਖੁਸ਼ੀ-ਖੁਸ਼ੀ ਲਕੀਰ ਨਾ ਟੱਪੀ ਹੋਵੇ। ਇਸ ਸੂਰਬੀਰਤਾ ਭਰਪੂਰ ਕਾਰਜ ਦੀ ਯਾਦ ਵਜੋਂ ਅੱਜ ਵੀ "ਲਕੀਰ ਸਾਹਿਬ" ਗੁਰਦੁਆਰਾ ਮੌਜੂਦ ਹੈ।

ਇਨ੍ਹਾਂ ਸੂਰਬੀਰ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋ ਚਾਲੀ ਹਜ਼ਾਰ ਗਿਜਲੋ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸੰਸਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉੱਤੇ ਇੱਕ ਤਕੜਾ ਤੇ ਮਾਰੂ ਜ਼ਖਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ, ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖ ਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿੱਚ ਪਾ ਰਹੇ ਸਨ। ਇਹ ਸਿਰ ਤਲੀ ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਪਰਕਰਮਾ ਵਿੱਚ ਪੁਜੱਣ ਵਿਚ ਸਫਲ ਹੋ ਗਏ। ਜਿੱਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਉਹ ਦਿਨ ੧੦ ਫਰਵਰੀ ੧੭੬੦ ਦਾ ਸੀ।

**"ਸ਼ਹੀਦ ਕੀ ਜੋ ਮੌਤ ਹੈ ਵੁਹ ਕੌਮ ਕੀ ਹਿਯਾਤ ਹੈ"** ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਉਹ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਪੁੱਠੀਆਂ ਖੱਲਾਂ ਲੱਥੀਆਂ, ਚਰਖੜੀਆਂ ਉੱਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਅੰਤ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿਤੱਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ। ਗੁਰੂ ਗੋਬਿੰਦ ਸਿੰਘ

(ਬਾਕੀ ਪੰਨਾ ੩੨ ਤੇ........)



www.AKJ.Org

# ਸਵਰਗ ਵਾਸੀ ਨਹੀਂ ਪਰਲੋਕ ਵਾਸੀ

(ਗਿਆਨੀ ਹਰਬੰਸ ਸਿੰਘ ਤੇਗ)

ਧਾਰਮਕ ਜੀਵਣ ਦੀ ਪਛਾਣ ਹੀ ਇਹ ਹੈ ਕਿ ਮਨੁੱਖ ਦੇ ਜੀਵਨ ਦੇ ਹਰ ਪੱਖ ਚੋਂ ਧਰਮ ਦੀ ਝਲਕ ਦੂਰੋਂ ਭੀ ਤੇ ਨੇੜਿਓਂ ਭੀ ਦਿਸੇ, ਰੂਹਾਨੀਅਤ, ਇਖਲਾਕ ਅਤੇ ਧਰਮ ਕਰਮ ਦਾ ਸੁਮੇਲ ਹੀ ਮਨੁੱਖ ਦੇ ਅਸਲ ਧਰਮੀ ਹੋਣ ਨੂੰ ਦਰਸਾਉਂਦਾ ਹੈ। ਰੋਜ਼ਾਨਾ ਦੇ ਕਾਰਵਿਹਾਰ ਅਤੇ ਸਮੁੱਚੇ ਪਿਆਰ ਵਿਹਾਰ ਦੇ ਅਧਾਰ ਉੱਤੇ ਕੀਤੇ ਜਤਨ ਅਤੇ ਐਸੀ ਸੋਚ ਵਾਲੇ ਮਨੁੱਖ ਸਹਿਜੇ ਹੀ ਆਪਣਾ ਧਰਮ-ਪਰਭਾਵ ਅਤੇ ਸਮੱਚੇ. ਜੀਵਣ ਦਾ ਚੰਗਾ ਅਸਰ ਦੂਸਰੇ ਲਈ ਛੱਡਦੇ ਹਨ।

ਐਸੇ ਮਨੁੱਖ ਜੇ ਕੋਈ ਅਡੰਬਰ ਨਾ ਭੀ ਕਰਨ ਜਾਂ ਦਿਖਾਵੇ ਮਾਤਰ ਕੋਈ ਕਰਮ-ਕਾਂਡ ਭੀ ਨਾ ਕਰਨ ਤੇ ਉਨ੍ਹਾਂ ਦੀ ਸਖਸ਼ੀਅਤ ਨੂੰ ਕੋਈ ਫਰਕ ਨਹੀ ਪੈਂਦਾ। ਸੱਚਾ ਧਰਮ ਤਾਂ ਮਨੁੱਖ ਦੇ ਇਕ-ਇਕ ਸਾਹ ਚੋਂ ਪਰਗਟ ਹੋਣ ਵਾਲੀ ਹਕੀਕਤ ਹੈ।

ਫਿਰ ਭੀ ਮਨੁੱਖੀ ਸਮਾਜ ਦਾ ਹਿੱਸਾ ਹੁੰਦਾ ਹੋਇਆਂ ਇਸ ਸੰਸਾਰਕ ਜੀਵਨ ਵਿਚ ਮਨੁੱਖ ਦੀਆਂ ਕਈ ਮਜਬੂਰੀਆਂ ਭੀ ਹੋ ਜਾਂਦੀਆਂ ਹਨ ਜਦੋਂ ਕਈ ਰੀਤਾਂ- ਰਸਮਾਂ ਜੋ ਵਿਅਰਥ ਅਤੇ ਅਰਥਹੀਣ ਭੀ ਹੋਣ, ਉਨ੍ਹਾਂ ਵਿਚ ਸ਼ਾਮਲ ਹੋਣਾ ਹੀ ਪੈਂਦਾ ਹੈ।

ਸੰਸਾਰ ਵਿਚ ਇਹ ਵਰਤਾਰਾ ਭੀ ਆਮ ਹੈ ਕਿ ਧਰਮ ਪੱਖੋਂ ਅਤੇ ਇਖਲਾਕੀ ਕਦਰਾਂ ਕੀਮਤਾਂ ਪੱਖੋਂ ਕਮਜ਼ੋਰ ਮਨੁੱਖ (ਜਿਨ੍ਹਾਂ ਨੂੰ ਥੋੜ੍ਹੀ ਬਹੁਤ ਸ਼ੁਹਰਤ ਭੀ ਮਿਲੀ ਹੁੰਦੀ ਹੈ ਜਾਂ ਡਰਾਮੇ ਬਾਜ਼ ਜਿਹੇ ਲੋਕ) ਦੂਜਿਆਂ ਉੱਤੇ ਆਪਣੀ ਉਚਤਾ ਠੋਸ ਕੇ ਬੜੇ ਸਤੁੰਸ਼ਟ ਹੁੰਦੇ ਹਨ।

ਸੱਚਾ-ਧਰਮੀ ਕਿਸੇ ਦੂਜੇ ਉੱਤੇ ਜ਼ੋਰ ਨਾਲ ਜਾਂ ਦਬਾਅ ਨਾਲ ਆਪਣੀ ਮਰਜ਼ੀ ਨਹੀਂ ਠੋਸਦਾ ਸਗੋਂ ਪਿਆਰ ਅਤੇ ਵਿਚਾਰ ਨਾਲ ਪ੍ਰੇਰਨਾ ਦੇਣ ਦਾ ਜਤਨ ਕਰਦਾ ਹੈ। ਕਿਸੇ ਵਿਦਵਾਨ ਨੇ ਠੀਕ ਹੀ ਲਿਖਿਆ ਹੈ ਕਿ ਸੱਚਾ ਧਰਮੀ ਆਪਣੇ ਧਰਮ ਲਈ ਉਤਸ਼ਾਹ ਅਤੇ ਸਤਿਕਾਰ ਪੈਦਾ ਕਰਦਾ ਹੈ ਪ੍ਰੰਤੂ ਝੂਠਾ ਅਤੇ ਦੰਭੀ-ਧਰਮੀ ਧਰਮ ਦੇ ਨਾਂ ਤੇ ਠੱਗੀ - ਮਾਰ ਕਮਾਈ ਕਰਕੇ ਧਰਮ ਨੂੰ ਨੁਕਸਾਨ ਪਹੁੰਚਾਂਦਾ ਹੈ।

ਸਚੇ-ਧਰਮੀ ਜਾਂ ਧਰਮ-ਪ੍ਰਚਾਰਕ ਵਿਚ ਖੁਸ਼ਾਮਦ ਨਹੀਂ ਹੁੰਦੀ, ਸਗੋਂ ਉਹ ਬੇਪਰਵਾਹ, ਬੇਝਿਜਕ ਸੱਚ-ਧਰਮ ਨੂੰ ਪਰਗਟ ਕਰਨ ਵਾਲਾ ਹੁੰਦਾ ਹੈ। ਪ੍ਰੰਤੂ ਜਦੋਂ ਸੱਚ-ਧਰਮ ਦੀ ਗਲ ਕਰਨ ਵਾਲਾ ਸਿਧਾਂਤ-ਹੀਣ ਹੋ ਕੇ ਆਪ ਹੀ ਭਟਕਣਾਂ 'ਚ ਪੈ ਜਾਵੇ ਜਾਂ ਥੋੜ੍ਹ-ਚਿਰੀ ਵਡਿਆਈ ਜਾਂ ਮਾਇਕੀ ਲਾਲਸਾ ਹਿਤ ਗੁਰਮਤਿ ਵਲੋਂ ਮੂੰਹ ਮੋੜ ਲਵੇ ਤਾਂ ਫਿਰ ਦੂਜੇ ਆਮ ਲੋਕਾਂ ਨੂੰ ਸੇਧ ਕੌਣ ਦੇਵੇਗਾ ? ਗੁਰੂ ਕਿਰਪਾ ਸਦਕਾ ਜਿਨ੍ਹਾਂ ਨੂੰ ਸੱਚੀ-ਸੇਧ ਅਤੇ ਸੋਝੀ ਮਿਲੀ ਹੋਵੇ ਉਹ ਜ਼ਰੂਰ ਚਿੰਤਾਵਾਨ ਹੁੰਦੇ ਹਨ ਜਿਵੇਂ ਭਗਤ ਕਬੀਰ ਜੀ ਦਾ ਫੁਰਮਾਣ ਹੈ ਕਿ-

**"ਕਬੀਰ ਜਿਨਹੁ ਕਿਛੂ ਜਾਨਿਆ ਨਹੀ.**
**ਤਿਨ ਸੁਖ ਨੀਦ ਬਿਹਾਇ।।**
**ਹਮਹੁ ਜੁ ਬੂਝਾ ਬੂਝਨਾ. ਪੂਰੀ ਪਰੀ ਬਨਾਇ।।**

(ਪੰਨਾ ੧੩੭੪)

ਅਜੋਕੇ ਸਮੇਂ ਭੀ ਸਿੱਖ ਸਮਾਜ ਵਿਚ ਐਸੀਆਂ ਕਈ ਰੀਤਾਂ ਰਸਮਾਂ ਰਲ-ਗੱਡ ਹੋ ਗਈਆਂ ਹਨ ਕਿ ਆਮ ਸਿੱਖ-ਸ਼ਰਧਾਲੂ ਲਈ ਗੁਰਮਤਿ ਅਤੇ ਮਨਮਤਿ ਦਾ ਨਿਰਣਾ ਕਰਨਾ ਹੀ ਮੁਸ਼ਕਲ ਹੋ ਗਿਆ ਹੈ।

ਅਰਦਾਸ ਵਰਗੀ ਭਗਤੀ-ਭਾਵ ਨਾਲ ਦ੍ਰਵੀ ਅਵਸਥਾ ਰਸ-ਭਿੰਨੀ ਰਸਮ ਨੂੰ ਭੀ ਸਾਡੀ ਹਉਮੈ ਭਰੀ ਬੁੱਧੀ ਨੇ ਇਕ ਅਨਾਉਂਸਮੈਂਟ ਜਾਂ ਇਸ਼ਤਿਹਾਰੀ ਰਸਮ ਵਿਚ ਬਦਲ ਦਿਤਾ ਹੈ। ਅਰਦਾਸ ਵਿਚ ਉਹ ਕੁਝ ਕਿਹਾ ਅਤੇ ਕਹਾਇਆ ਜਾਂਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉੱਕਾ ਹੀ ਨਹੀਂ ਸ਼ੋਭਦਾ। ਗੁਰ-ਸਿੱਖਾਂ ਵਾਲੀ ਸ਼ਰਧਾ-ਭਾਵਨਾ ਅਤੇ ਨਿਮਰ-ਭਾਵ ਵਾਲੀ ਧਾਰਮਿਕਤਾ ਨੂੰ ਅੱਖੋਂ-ਪਰੋਖੇ ਕਰਕੇ ਹਉਮੈ-ਹੰਕਾਰ ਨੂੰ ਹੀ ਪੱਠੇ ਪਾਏ ਜਾਣਾ ਗੁਰਮਤਿ ਨਹੀਂ। ਅਰਦਾਸੀਆਂ ਭੀ ਸੰਬੰਧਿਤ-ਪਰਵਾਰ ਦੇ ਤਿੰਨ ਪੀਹੜੀਆਂ ਦੇ ਵਿਅਕਤੀਆਂ ਦੇ ਨਾਮ ਲੈ ਲੈ ਕੇ ਗੁਰੂ



www.AKJ.Org

ਮਹਾਰਾਜ ਨੂੰ ਚੰਗੀ ਤਰ੍ਹਾਂ ਚੇਤੇ ਕਰਵਾ ਦੇਣਾ ਚਾਹੁੰਦਾ ਹੈ ਤਾਂ ਜੁ ਦੋਬਾਰਾ ਦੱਸਣ ਦੀ ਲੋੜ ਨਾ ਪਵੇ, ਆਪਣੀ ਵਿਦਵਤਾ ਦੱਸਣ ਲਈ ਜਿੰਨੇ ਕੁ ਸ਼ਬਦ (ਬਾਣੀ ਦੇ) ਚੇਤੇ ਹਨ ਅਰਦਾਸ ਵਿਚ ਪੜ੍ਹਨੇ ਭੀ ਜ਼ਰੂਰੀ ਸਮਝਦਾ ਹੈ, ਸੰਗਤ-ਰੂਪ ਖੜ੍ਹੇ ਬਜ਼ੁਰਗਾਂ ਜਾਂ ਢਿੱਲੇ-ਮੱਠੇ ਭਾਵੇਂ ਡਿਗ ਭੀ ਕਿਉਂ ਨਾ ਜਾਣ। ਇਹ ਗੱਲਾਂ ਧਰਮ ਦੀ ਸ਼ੋਭਾ ਨਹੀਂ ਵਧਾਉਂਦੀਆਂ, ਅਰਦਾਸ ਦੇ ਤਾਂ ਗਿਣੇ ਮਿਣੇ ਅਤੇ ਭਾਵ-ਪੂਰਤ ਅੱਖਰ (ਜੋ ਸਿੱਖ ਰਹਿਤ ਮਰਿਯਾਦਾ ਵਿਚ ਅੰਕਤ ਹਨ) ਹੀ ਕਾਫੀ ਹਨ।

ਸਦੀਵੀ ਵਿਛੋੜਾ ਦੇ ਗਏ ਵਿਅਕਤੀ ਲਈ ਭੀ ਸ਼ਬਦ ਪਰਲੋਕ-ਵਾਸੀ ਜਾਂ ਪਰਲੋਕ-ਗਮਨ ਵਰਤਨੇ ਹੀ ਯੋਗ ਹਨ। ਸਵਰਗਵਾਸੀ ਸ਼ਬਦ ਤਾਂ ਹਜ਼ਾਰਾਂ ਲੱਖਾਂ ਚੋਂ ਕੋਈ ਵਿਰਲੀ ਹਸਤੀ ਲਈ ਹੀ ਹੋਣਾ ਚਾਹੀਦਾ ਹੈ ਜਿਸ ਬਾਰੇ ਸਮੁੱਚੇ ਸਿੱਖ ਸਮਾਜ 'ਚ ਐਸਾ ਪ੍ਰਭਾਵ ਹੋਵੇ। ਜਣੇ ਖਣੇ ਨੂੰ ਸਵਰਗਵਾਸੀ ਆਖ ਆਖ ਕੇ ਪਿਛਲੇ ਪਰਵਾਰ ਨੂੰ ਜਾਂ ਭਾਈਚਾਰੇ ਨੂੰ ਪ੍ਰਸੰਨ ਕਰਨ ਜਾਂ ਝੂਠੀ ਖੁਸ਼ਾਮਦ ਬਿਨਾਂ ਹੋਰ ਕੁਝ ਨਹੀਂ, ਥੋੜ੍ਹ-ਚਿਰੀ ਮਾਇਕੀ-ਲਾਲਸਾ ਦੀ ਪੂਰਤੀ ਭਾਵੇਂ ਹੋ ਜਾਵੇ।

ਹਰੇਕ ਵਿਅਕਤੀ ਨੇ ਇਹ ਸਰੀਰੀ-ਚੋਲਾ ਛੱਡ ਕੇ ਪਰਲੋਕ ਗਮਨ ਕਰਨਾ ਹੀ ਹੈ, ਉਥੇ ਜਾ ਕੇ ਕੀਤੇ ਕਰਮਾਂ ਦਾ ਫਲ ਭੀ ਭੁਗਤਣਾ ਹੈ ਜੋ ਅਸੀਂ ਜਨਮਾਤਰਾਂ ਤੋਂ ਕਰਦੇ ਅਤੇ ਭੋਗਦੇ ਆ ਰਹੇ ਹਾਂ। ਪਰਲੋਕ ਸਾਡੀ ਇਸ ਸੰਸਾਰੀ-ਅੱਖ ਤੋਂ ਪਰੇ ਹੈ, ਇਸ ਲਈ ਪਰਲੋਕ-ਵਾਸੀ ਰੂਹ ਲਈ ਅਸੀਂ ਅਰਦਾਸ ਤਾਂ ਕਰ ਸਕਦੇ ਹਾਂ ਕਿ ਵਾਹਿਗੁਰੂ ਰਹਿਮ ਕਰਕੇ ਉਸ ਨੂੰ ਸ਼ਾਂਤੀ ਅਤੇ ਚਰਨਾਂ 'ਚ ਨਿਵਾਸ ਦੇਵੇ, ਐਸੀ ਅਰਦਾਸ ਦੀ ਮਹਾਨਤਾ ਭੀ ਹੈ। ਇਸੇ ਲਈ ਸਿੱਖ-ਧਰਮ ਵਿਚ ਸੰਗਤੀ-ਰੂਪ ਵਿਚ ਅੰਤਮ ਅਰਦਾਸ ਕੀਤੀ ਜਾਂਦੀ ਹੈ।

ਸੋ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਬਿਨਾਂ ਕਿਸੇ ਪ੍ਰਮਾਣ ਦੇ ਹਰ ਵਿਛੁੜੇ ਪ੍ਰਾਣੀ ਨੂੰ ਸਵਰਗ ਦਾ ਟਿਕਟ ਨਾ ਦੇਈਏ, ਐਸਾ ਕਰਨ ਦਾ ਅਧਿਕਾਰ ਭੀ ਸਾਨੂੰ ਨਹੀਂ ਹੈ, ਸਵਰਗ ਬਾਰੇ ਜਾਣਕਾਰੀ ਭੀ ਨਹੀਂ ਹੈ। ਹਾਂ ਕੋਈ ਪਹੁੰਚੀ ਰੂਹ, ਮਹਾਂ ਪੁਰਸ਼, ਕਰਣੀ ਵਾਲਾ ਐਸੀ ਅਸੀਸ ਦੇ ਭੀ ਸਕਦਾ ਹੈ ਪਰ ਉਹ ਭੀ ਵਾਹਿਗੁਰੂ ਜੀ ਦੀ ਅਗੰਮੀ-ਖੇਡ 'ਚ ਦਖਲ ਘਟ ਵਧ ਹੀ ਦਿੰਦੇ ਹਨ।

ਸੋ ਸਵਰਗਵਾਸੀ ਦੀ ਥਾਂ ਸ਼ਬਦ ਪਰਲੋਕ-ਗਾਮੀ ਜਾਂ ਪ੍ਰਲੋਕ-ਵਾਸੀ ਅਤੇ ਵਿਛੁੜੀ-ਰੂਹ ਕਿਹਾ ਜਾਣਾ ਹੀ ਉਚਿਤ ਹੈ।

* * * * *

(ਪੰਨਾ ੩੦ ਦਾ ਬਾਕੀ........)

ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸੰਸਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈ ਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ **"ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮਹਿ ਤਬ ਜੂਝ ਮਰੋ"** ਸੱਚਾ ਕਰ ਵਿਖਾਇਆ।

ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲਿਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦੀ ਲਾਲਸਾ ਰੱਖਦਿਆਂ ਹੋਇਆਂ ਸ਼ਾਸ਼ਤਰਾਂ ਦਾ ਅਧਿਐਨ ਕੀਤਾ ਤੇ ਸ਼ਾਸ਼ਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ। ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਹਰ ਰੋਜ਼ ਅਨੇਕਾਂ ਜਪੁ ਜੀ ਤੇ ਸੁਖਮਨੀ ਸਾਹਿਬ ਦੇ ਪਾਠ ਕਰਿਆ ਕਰਦੇ ਸਨ ਅਤੇ ਵਿਹਲੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਹਨ। ਆਪ ਨੇ ਇਕ ਟਕਸਾਲੀ ਸਿੰਘ ਵਾਂਗ **"ਮੁਖਿ ਤੇ ਹਰਿ ਚਿਤ ਮਹਿ ਜੁਧ ਬਿਚਾਰੈ"** ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਜਿਥੇ ਆਪ ਨੇ ਸੀਸ ਭੇਟ ਕੀਤਾ ਤੇ ਸ੍ਰੀ ਰਾਮਸਰ ਦੇ ਕੋਲ ਜਿਥੇ ਆਪ ਦਾ ਸਸਕਾਰ ਕੀਤਾ ਗਿਆ (ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ), ਦੋਹਾਂ ਥਾਵਾਂ ਉੱਤੇ ਆਪ ਦੇ ਯਾਦਗਾਰੀ ਅਸਥਾਨ ਮੌਜੂਦ ਹਨ, ਜਿਨ੍ਹਾਂ ਦੇ ਦਰਸ਼ਨ-ਦੀਦਾਰ ਕਰਕੇ ਸਿੱਖ-ਸੰਗਤਾਂ ਚੜ੍ਹਦੀ ਕਲਾ ਵਾਲੀ ਪ੍ਰੇਰਨਾ ਲੈਂਦੀਆਂ ਹਨ। ਹੋਰ ਧਰਮਾਂ ਦੇ ਲੋਕ ਵੀ ਬਾਬਾ ਜੀ ਦੀ ਕੁਰਬਾਨੀ ਸਦਕਾ, ਆਪ ਦੇ ਸਤਿਕਾਰ ਵਜੋਂ ਆਪ ਜੀ ਦੇ ਯਾਦਗਾਰੀ ਅਸਥਾਨਾਂ ਉੱਤੇ ਸ਼ਰਧਾ ਦੇ ਫੁੱਲ ਭੇਟ ਕਰਨ ਵਿੱਚ ਖੁਸ਼ੀ ਤੇ ਗੌਰਵ ਮਹਿਸੂਸ ਕਰਦੇ ਹਨ।

* * * * *



www.AKJ.Org

# ਬਾਪੂ ਜੀ ਤੇ ਬੱਚੇ (੧੭)

ਭੁਪਿੰਦਰ ਸਿੰਘ ਬੱਚਿਆਂ ਦੀ ਕਲਾਸ ਲਗਾਈ ਬੈਠਾ ਹੈ।

**ਭੁਪਿੰਦਰ ਸਿੰਘ** :— ਅੰਮ੍ਰਿਤਪਾਲ ! ਤੂੰ ਕਹਾਣੀ ਸੁਣਾ।

**ਅੰਮ੍ਰਿਤਪਾਲ** :— ਇੱਕ ਵੇਰ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਲੱਗਾ ਹੋਇਆ ਸੀ। ਬਾਹਰੋਂ ਕੁੱਝ ਸਿੰਘ ਇੱਕ ਖੋਤਾ ਫੜੀ ਲਿਆ ਰਹੇ ਸੀ। ਇੱਕ ਸਿੰਘ ਨੇ ਮੋਢੇ ਤੇ ਸ਼ੇਰ ਦੀ ਖੱਲ ਚੁੱਕੀ ਹੋਈ ਸੀ। ਸਿੰਘ ਖੋਤੇ ਨੂੰ ਦੀਵਾਨ ਤੋਂ ਬਾਹਰ ਬੰਨ੍ਹ ਕੇ ਗੁਰੂ ਸਾਹਿਬ ਕੋਲ ਆ ਗਏ। ਗੁਰੂ ਸਾਹਿਬ ਨੇ ਪੁੱਛਿਆ, *"ਇਹ ਸ਼ੇਰ ਦੀ ਖੱਲ ਕਿਥੋਂ ਲਿਆਏ ਹੋ ?"*

ਸਿੰਘਾਂ ਨੇ ਦੱਸਿਆ, "ਸੱਚੇ ਪਾਤਸ਼ਾਹ ! ਇਹ ਖੱਲ ਬਾਹਰ ਬੰਨ੍ਹੇ ਖੋਤੇ ਤੇ ਪਾਈ ਹੋਈ ਸੀ। ਸ਼ੇਰ ਦਾ ਰੂਪ ਧਾਰੀ ਇਹ ਖੋਤਾ ਬਾਹਰ ਫਿਰ ਰਿਹਾ ਸੀ। ਲੋਕੀਂ ਇਸ ਨੂੰ ਸ਼ੇਰ ਸਮਝ ਕੇ ਇਸ ਦੇ ਲਾਗੇ ਨਹੀਂ ਸੀ ਜਾਂਦੇ। ਸਾਡੇ ਨਾਲ ਆਇਆ ਇਹ ਘੁਮਿਆਰ ਆਪਣੇ ਖੋਤਿਆਂ ਨੂੰ ਪਿੰਡੋਂ ਬਾਹਰ ਲਿਜਾ ਰਿਹਾ ਸੀ। ਇਸ ਦੇ ਖੋਤਿਆਂ ਨੂੰ ਦੇਖ ਕੇ ਸ਼ੇਰ ਦੀ ਖੱਲ ਪਾਈ ਖੋਤਾ ਹੀਂਗਣ ਲੱਗ ਪਿਆ। ਘੁਮਾਰ ਨੇ ਪਛਾਣ ਲਿਆ ਕਿ ਇਹ ਤਾਂ ਮੇਰਾ ਹੀ ਖੋਤਾ ਹੈ। ਉਸ ਨੇ ਇਸ ਖੋਤੇ ਨੂੰ ਕੰਨੋਂ ਜਾ ਫੜਿਆ। ਸ਼ੇਰ ਦੀ ਸ਼ਕਲ ਬਣਾਈ ਇਸ ਖੋਤੇ ਨੇ ਦੋ ਤਿੰਨ ਦਿਨ ਲੋਕਾਂ ਵਿਚ ਡਰ ਪਾਈ ਰੱਖਿਆ। ਡਰ ਦਾ ਮਾਰਾ ਕੋਈ ਇਸ ਦੇ ਨੇੜੇ ਨਹੀਂ ਸੀ ਜਾਂਦਾ। ਖੋਤਿਆਂ ਵਾਲੀ ਬੋਲੀ ਬੋਲਣ ਤੇ ਇਸ ਦਾ ਭੇਦ ਖੁੱਲ੍ਹ ਗਿਆ। ਘੁਮਿਆਰ ਨੇ ਇਸ ਤੇ ਪਾਈ ਸ਼ੇਰ ਦੀ ਖੱਲ੍ਹ ਉਤਾਰ ਲਈ ਜਿਸ ਨੂੰ ਲੈ ਕੇ ਅਸੀਂ ਤੁਹਾਡੇ ਕੋਲ ਆਏ ਹਾਂ।"

ਬਨਾਉਟੀ ਸ਼ੇਰ ਦੀ ਕਹਾਣੀ ਸੁਣ ਕੇ ਸਾਰੀ ਸੰਗਤ ਵਿਚ ਹਾਸਾ ਮਚ ਗਿਆ।

ਬੱਚਿਆਂ ਦੀ ਕਲਾਸ ਲੱਗੀ ਦੇਖ ਕੇ ਬਾਪੂ ਜੀ ਵੀ ਮਲਕੜੇ ਜੇਹੇ ਕਲਾਸ ਦੇ ਪਿਛੇ ਆ ਬੈਠੇ। ਜਦੋਂ ਅੰਮ੍ਰਿਤਪਾਲ ਕਹਾਣੀ ਸੁਣਾ ਹਟਿਆ ਤਾਂ ਬਾਪੂ ਜੀ ਕਹਿਣ ਲੱਗੇ–

**ਬਾਪੂ ਜੀ** :— ਬੱਚਿਓ ! ਸ਼ੇਰ ਦੀ ਖੱਲ ਪਾਈ ਖੋਤੇ ਦੀ ਕਹਾਣੀ ਸੁਣ ਕੇ ਗੁਰੂ ਜੀ ਕੀ ਬੋਲੇ ?

**ਪ੍ਰਭਜੋਤ** :— ਜੀ ! ਪਤਾ ਨਹੀਂ, ਤੁਸੀਂ ਦੱਸ ਦਿਓ।

(ਸਾਰੇ ਬੱਚੇ ਬਾਪੂ ਜੀ ਦੇ ਦੁਆਲੇ ਇਕੱਠੇ ਹੋ ਗਏ।)

**ਬਾਪੂ ਜੀ** :— ਬੱਚਿਓ ! ਗੁਰੂ ਜੀ ਕਹਿਣ ਲੱਗੇ ਕਿ ਸਿੰਘੋ ! ਸਾਡੇ ਵਿੱਚ ਵੀ ਕਈ ਕੱਚੇ ਪਿੱਲੇ ਹਨ ਜਿਨ੍ਹਾਂ ਨੇ ਦੇਖੋ ਦੇਖੀ ਸਿੰਘਾਂ ਵਾਲਾ ਰੂਪ ਤਾਂ ਧਾਰਨ ਕਰ ਲਿਆ ਹੈ ਪਰ ਅੰਦਰ ਰਹਿਤ-ਰਹਿਣੀ ਸਿੰਘਾਂ ਵਾਲੀ ਨਹੀਂ। ਸਿਰਫ਼ ਬਾਹਰਲਾ ਰੂਪ ਸਿੰਘਾਂ ਵਾਲਾ ਬਣਾ ਲੈਣ ਨਾਲ ਧਰਮ ਦੀ ਅਸਲੀ ਪ੍ਰਾਪਤੀ ਨਹੀਂ ਹੋ ਸਕਦੀ। ਜਿਥੇ ਅਸੀਂ ਆਪਣਾ ਬਾਹਰਲਾ ਸਰੂਪ ਸਿੰਘਾਂ ਵਾਲਾ ਬਨਾਉਣਾ ਹੈ, ਉਥੇ ਅਸੀਂ ਆਪਣੇ ਅੰਦਰ ਸਿੰਘਾਂ ਵਾਲੇ ਗੁਣ ਵੀ ਧਾਰਨ ਕਰਨੇ ਹਨ। ਜੇ ਅੰਦਰ ਸਿੰਘਾਂ ਵਾਲੇ ਗੁਣ ਨਾ ਹੋਣ ਤਾਂ ਬਾਹਰਲਾ ਰੂਪ ਵਿਖਾਵਾ ਬਣ ਜਾਂਦਾ ਹੈ। ਸਾਡੇ ਅੰਦਰ ਸਿੰਘਾਂ ਵਾਲੀ ਦਲੇਰੀ, ਨਿਰਭੈਤਾ, ਸੂਰਮਗਤੀ ਅਤੇ ਪਰਉਪਕਾਰ ਦੀ ਭਾਵਨਾ ਹੋਣੀ ਜ਼ਰੂਰੀ ਹੈ। ਸਾਡਾ ਆਚਰਣ ਸੱਚਾ ਸੁੱਚਾ ਹੋਣਾ ਚਾਹੀਦਾ ਹੈ। ਜੇ ਸਾਡੇ ਅੰਦਰ ਸਿੱਖੀ ਦੇ ਸ਼ੁੱਭ ਗੁਣ ਨਹੀਂ ਹੋਣਗੇ ਤਾਂ ਸਾਡੀ ਹਾਲਤ ਵੀ ਉਸ ਖੋਤੇ ਵਾਲੀ ਹੋਵੇਗੀ ਜਿਸ ਨੇ ਸ਼ੇਰ ਦੀ ਖੱਲ ਪਾਈ ਹੋਵੇ।

**ਪ੍ਰਭਜੋਤ** :— ਬਾਪੂ ਜੀ ! ਖੋਤੇ ਤੇ ਸ਼ੇਰ ਦੀ ਖੱਲ ਕਿਨ੍ਹੇ ਪਾਈ ਸੀ ?

**ਬਾਪੂ ਜੀ** :— ਗੁਰੂ ਜੀ ਨੇ ਸਾਨੂੰ ਅਸਲ ਤੇ ਨਕਲ ਦੀ ਸੋਝੀ ਦੇਣ ਵਾਸਤੇ ਹੀ ਇਹ ਕੌਤਕ ਰਚਿਆ ਸੀ।......
ਹੱਛਾ ਬੱਚਿਓ ! ਤੁਸੀਂ ਹੁਣ ਇਹ ਦੱਸੋ ਕਿ ਸਾਨੂੰ ਇਸ ਸਾਖੀ ਤੋਂ ਕੀ ਸਿੱਖਿਆ ਮਿਲਦੀ ਹੈ ?

**ਕੁਲਜੀਤ ਸਿੰਘ** :— (ਹੱਥ ਖੜ੍ਹਾ ਕਰਦਾ ਹੋਇਆ) ਬਾਪੂ ਜੀ ! ਮੈਂ ਦੱਸਾਂ ?

**ਬਾਪੂ ਜੀ** :— ਦੱਸੋ।

**ਕੁਲਜੀਤ ਸਿੰਘ** :— ਸਾਨੂੰ ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਨਕਲੀ ਸਿੱਖ ਨਹੀਂ ਬਣਨਾ ਚਾਹੀਦਾ। ਜਿਥੇ ਸਾਡਾ ਬਾਹਰਲਾ ਸਰੂਪ ਸਿੱਖਾਂ ਵਾਲਾ ਹੋਵੇ ਉਥੇ ਸਾਡੇ ਅੰਦਰ ਸਿੱਖੀ ਵਾਲੇ ਗੁਣ ਵੀ ਹੋਣ।

**ਬਾਪੂ ਜੀ** :— ਸਿੱਖੀ ਵਾਲੇ ਗੁਣ ਕਿਹੜੇ ਹਨ ? ......ਭੁਪਿੰਦਰ ਸਿੰਘ ਤੂ ਦੱਸ ਬਈ।

**ਭੁਪਿੰਦਰ ਸਿੰਘ** :— ਬਾਪੂ ਜੀ ! ਤੁਸੀਂ ਹੀ ਦੱਸ ਦਿਓ ਤਾਂ ਚੰਗਾ ਹੈ।

**ਬਾਪੂ ਜੀ** :— ਸਿੱਖੀ ਵਾਲੇ ਗੁਣ ਹਨ ਸੱਚ ਬੋਲਣਾ, ਠੱਗੀ ਠੋਰੀ, ਨਿੰਦਾ ਚੁਗਲੀ ਨਾ ਕਰਨੀ, ਪਰਾਏ ਮਾਲ ਤੇ ਝਾਕ ਨਾ ਰੱਖਣੀ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛੱਕਣਾ, ਰਹਿਤ ਰੱਖਣੀ ਤੇ ਕੁਰਹਿਤਾਂ ਤੋਂ ਬੱਚ ਕੇ ਰਹਿਣਾ, ਨਿਰਭਉ ਪ੍ਰਭੂ ਨੂੰ ਧਿਆਉਣਾ ਤੇ ਨਿਰਭੈ ਰਹਿਣਾ, ਮਿੱਠਾ ਬੋਲਣਾ, ਨੇਕ ਕੰਮ ਕਰਨੇ, ਦੂਜਿਆਂ ਦਾ ਭਲਾ



www.AKJ.Org

ਮੰਗਣਾ, ਸੱਚਾ ਸੁੱਚਾ ਆਚਰਨ ਰੱਖਣਾ, ਵਹਿਮਾਂ ਭਰਮਾਂ ਵਿਚ ਨਾ ਪੈਣਾ, ਫੋਕਟ ਕਰਮ ਨਾ ਕਰਨੇ, ਮੜ੍ਹੀਆਂ ਮਸਾਣਾਂ ਅਤੇ ਬੁੱਤਾਂ ਆਦਿ ਨੂੰ ਨਾ ਪੂਜਣਾ, ਇੱਕ ਅਕਾਲ ਪੁਰਖ ਤੇ ਟੇਕ ਰੱਖਣੀ, ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ, ਸੰਤ ਤੇ ਸਿਪਾਹੀ ਬਣ ਕੇ ਰਹਿਣਾ, ਬਾਣੀ ਤੇ ਬਾਣੇ ਦਾ ਸੁਮੇਲ ਰੱਖਣਾ।

**ਕੁਲਜੀਤ ਸਿੰਘ** :– ਬਾਣੀ ਤੇ ਬਾਣੇ ਦੇ ਸੁਮੇਲ ਦਾ ਕੀ ਮਤਲਬ ?

**ਬਾਪੂ ਜੀ** :– ਗੁਰੂ ਦੀ ਬਾਣੀ ਰਾਹੀਂ ਤਾਂ ਸਾਨੂੰ ਗੁਰੂ ਦੇ ਉਪਦੇਸ਼ ਦਾ ਪਤਾ ਲੱਗਦਾ ਹੈ ਜਿਸ ਨੂੰ ਪੜ੍ਹ ਸੁਣ ਕੇ ਸਾਨੂੰ ਸਹੀ ਜੀਵਨ ਜਾਂਚ ਦਾ ਪਤਾ ਲੱਗਦਾ ਹੈ। 'ਬਾਣਾ' ਸਿੰਘਾਂ ਦੀ ਵਰਦੀ ਹੈ ਜਿਸ ਤੋਂ ਖਾਲਸੇ ਦੇ ਅਕਾਲੀ ਫੌਜ ਦੇ ਸਿਪਾਹੀ ਹੋਣ ਦੀ ਝਲਕ ਮਿਲਦੀ ਹੈ। ਬਾਣੀ ਤੇ ਬਾਣੇ ਦੇ ਸੁਮੇਲ ਕਰਕੇ ਹੀ ਗੁਰੂ ਕਾ ਸਿੱਖ ਸੰਤ ਸਿਪਾਹੀ ਹੈ। ਨਿਰਾ ਪੁਰਾ ਬਾਣਾ ਤਾਂ ਕੇਵਲ ਭੇਖ ਹੀ ਹੈ।

**ਕੁਲਜੀਤ ਸਿੰਘ** :– ਬਾਪੂ ਜੀ ! ਮੈਂ ਇਕ "ਸੂਰਾ" ਰਸਾਲੇ ਵਿੱਚ ਪੜ੍ਹਿਆ ਸੀ–

**"ਬਿਨਾ ਪਾਹੁਲ ਧਰੇ ਕੇਸ, ਭੇਖੀ ਮੂੜਾ ਸਿੱਖ।"**

ਇਸ ਦਾ ਕੀ ਅਰਥ ਹੈ ?

**ਬਾਪੂ ਜੀ** :– ਇਸ ਦੇ ਅਰਥ ਤਾਂ ਸਿੱਧੇ ਹੀ ਹਨ। ਖੰਡੇ ਦੀ ਪਾਹੁਲ ਲੈਣ ਤੋਂ ਬਿਨਾਂ ਕੇਸ ਰੱਖ ਕੇ ਆਪਣੇ ਆਪ ਨੂੰ ਸਿੱਖ ਕਹਾਉਣ ਵਾਲਾ ਬੰਦਾ ਭੇਖੀ ਤੇ ਮੂਰਖ ਹੈ।

**ਅੰਮ੍ਰਿਤਪਾਲ** :– ਖੰਡੇ ਦੀ ਪਾਹੁਲ ਕੀ ਹੁੰਦੀ ਆ ?

**ਪ੍ਰਭਜੋਤ** :– ਤੈਂ ਸ਼ਬਦ ਨਹੀਂ ਸੁਣਿਆ "ਪੀਂਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।"

**ਬਾਪੂ ਜੀ** :– ਖੰਡੇ ਬਾਟੇ ਦੁਆਰਾ ਕੀਤੇ ਅੰਮ੍ਰਿਤ ਨੂੰ ਖੰਡੇ ਦੀ ਪਾਹੁਲ ਕਿਹਾ ਜਾਂਦਾ ਹੈ ਅਤੇ ਪਾਹੁਲ ਲੈਣ ਦਾ ਭਾਵ ਹੈ ਅੰਮ੍ਰਿਤ ਛਕਣਾ।

**ਕੁਲਜੀਤ ਸਿੰਘ** :– ਬਾਪੂ ਜੀ ! ਫੋਕਟ ਕਰਮ ਕਿਹੜੇ ਹਨ ?

**ਬਾਪੂ ਜੀ** :– ਫੋਕੇ (ਥੋਥੇ) ਕੰਮਾਂ ਨੂੰ ਫੋਕਟ ਕਰਮ ਕਿਹਾ ਜਾਂਦਾ ਹੈ ਜਿਹੜੇ ਵਿਅਰਥ ਹੀ ਜਾਂਦੇ ਹਨ। ਜਿਵੇਂ ਵਰਤ, ਸਰਾਧ, ਤੀਰਥ ਇਸ਼ਨਾਨ, ਮੂਰਤਾਂ, ਮੜ੍ਹੀਆਂ, ਬੁੱਤਾਂ ਤੇ ਪੱਥਰਾਂ ਦੀ ਪੂਜਾ, ਪਿੰਡ ਭਰਾਣੇ, ਦੀਵੇ ਤਾਰਨੇ ਆਦਿ।

**ਕੁਲਜੀਤ ਸਿੰਘ** :– ਪਿੰਡ ਭਰਾਣਾ ਕੀ ਹੁੰਦਾ ਹੈ ?

**ਬਾਪੂ ਜੀ** :– ਹਿੰਦੂ ਰੀਤ ਅਨੁਸਾਰ ਜਦੋਂ ਬੰਦਾ ਮਰਨ ਲੱਗਦਾ ਹੈ ਤਾਂ ਉਸ ਨੂੰ ਮੰਜੇ ਤੋਂ ਉਤਾਰ ਕੇ ਫਰਸ਼ ਤੇ ਲੰਮਾ ਪਾ ਦਿੱਤਾ ਜਾਂਦਾ ਹੈ। ਉਸ ਦੇ ਹੱਥ ਦੀ ਤਲੀ ਉੱਤੇ ਆਟੇ ਦਾ ਦੀਵਾ ਜਗਾ ਕੇ ਰੱਖ ਦਿੱਤਾ ਜਾਂਦਾ ਹੈ ਤਾਂ ਜੋ ਉਸ ਦੀ ਆਤਮਾ ਨੂੰ ਪਰਲੋਕ ਜਾਂਦਿਆਂ ਹਨ੍ਹੇਰੇ ਰਸਤੇ ਵਿੱਚ ਚਾਨਣ ਰਹੇ। ਉਸ ਦੇ ਮਰਨ ਪਿਛੋਂ ਜੌਂਆਂ ਜਾਂ ਚੌਲਾਂ ਦੇ ਆਟੇ ਦੇ ਪੇੜੇ (ਪਿੰਨ) ਪੱਤਰਾਂ ਦੀ ਥਾਲੀ (ਪੱਤਲ) ਉਤੇ ਰੱਖ ਕੇ ਮਣਸੇ ਜਾਂਦੇ ਹਨ ਜਿਹੜੀ ਮਰੇ ਹੋਏ ਬੰਦੇ ਲਈ ਰਸਤੇ ਦੀ ਖ਼ੁਰਾਕ ਸਮਝੀ ਜਾਂਦੀ ਹੈ। ਹਿੰਦੂ ਲੋਕ ਇਸ ਕਿਰਿਆ ਨੂੰ ਪਿੰਡ (ਪਿੰਨ) ਭਰਾਣਾ ਕਹਿੰਦੇ ਹਨ।

**ਅੰਮ੍ਰਿਤਪਾਲ** :– (ਕੋਲ ਬੈਠੇ ਹਰਿੰਦਰਪਾਲ ਦੀ ਪਿੱਠ ਤੇ ਹੱਥ ਰੱਖਦਾ ਹੋਇਆ) ਬਾਪੂ ਜੀ ! ਹਰਿੰਦਰਪਾਲ ਕੋਲੋਂ ਪਾਠ ਸੁਣੋ।

**ਬਾਪੂ ਜੀ** :– ਹਰਿੰਦਰਪਾਲ ਪਾਠ ਸੁਣਾ।

ਹਰਿੰਦਰਪਾਲ :- (ਹਰਿੰਦਰਪਾਲ ਅਟਕ ਅਟਕ ਕੇ ਪਾਠ ਸੁਣਾਉਂਦਾ ਹੈ।) **ੴ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰਪ੍ਰਸਾਦਿ।**

**ਬਾਪੂ ਜੀ** :– ਸ਼ਾਬਾਸ਼ ! ਬੱਚੂ ! **'ਅਜੂਨੀ ਸੈਭੰ'** ਇਕੱਠਾ ਨਹੀਂ ਬੋਲਣਾ। ਇਹ ਵੱਖੋ ਵੱਖ ਅਰਥਾਂ ਵਾਲੇ ਦੋ ਸ਼ਬਦ ਹਨ। ਇਨ੍ਹਾਂ ਨੂੰ ਨਿਖੇੜ ਕੇ ਪੜ੍ਹਿਆ ਜਾਏ, **'ਅਜੂਨੀ'** ਤੇ ਅਟਕਾਅ ਦੇ ਕੇ ਫੇਰ **'ਸੈਭੰ'** ਬੋਲਿਆ ਜਾਏ।

**ਪ੍ਰਭਜੋਤ** :– ਇਹਦੇ ਨਾਲੋਂ ਜਾਦਾ (ਜ਼ਿਆਦਾ) ਪਾਠ ਤਾਂ ਕਮਲਪ੍ਰੀਤ ਨੂੰ ਔਂਦਾ ਆ। (ਕੋਲ ਬੈਠੀ ਕਮਲਪ੍ਰੀਤ ਨੂੰ ਕਹਿੰਦਾ ਹੋਇਆ) ਕਮਲਪ੍ਰੀਤ ਪਾਠ ਸੁਣਾ।

**ਕਮਲਪ੍ਰੀਤ** :– ਏਕੰਕਾ, ਸਤਨਾ, ਕਾਕਾ ਪੁਰ, ......... ਕਾਲ ਮੂ, ਜੂਨੀ ਸੈ, ਗੁਪਸਾਦ ।.......... ਆ ਸਚ, ਜੁਗਾ ਸਚ, ਹੈ ਭੀ ਸਚ–ਹੋਸੀ ਸਚ। ........ ਬੋਲੇ ਸੋ ਨਾਲ, ਸਤ ਸੀ ਕਾਲ।....... ਵਾਹਗੂ ਜੀ ਖਾਲਸਾ, ਵਾਹਗੂ ਫਤੇਹ।

(ਬਾਪੂ ਜੀ ਬੜੇ ਖੁਸ਼ ਹੋਏ। ਉਨ੍ਹਾਂ ਕਮਲਪ੍ਰੀਤ ਨੂੰ ਕਲਾਵੇ ਵਿਚ ਲੈ ਲਿਆ ਅਤੇ ਇਉਂ ਕਮਲਪ੍ਰੀਤ ਨੂੰ ਪਿਆਰ ਕਰਦੇ ਹੋਏ ਕਹਿਣ ਲੱਗੇ।)

**ਬਾਪੂ ਜੀ** :– ਵਾਹਿਗੁਰੂ ਜੀ ਕੀ ਹੀ ਫ਼ਤਹ, ਵਾਹਿਗੁਰੂ ਜੀ ਕੀ ਫ਼ਤਹ।...... ਬੱਚਿਓ ! ਇਹ ਵਾਹਿਗੁਰੂ ਜੀ ਕੀ ਹੀ ਫ਼ਤਹ ਹੈ ਕਿ ਇਸ ਛੋਟੀ ਜਿਹੀ ਬੱਚੀ ਦੇ ਹਿਰਦੇ ਵਿਚ ਸਿੱਖ ਧਰਮ ਦੀ ਮੁੱਢਲੀ ਸ਼ਿਖਸ਼ਾ ਵੱਸ ਗਈ ਹੈ। ਬੇਸ਼ਕ ਇਸਨੂੰ ਹਾਲੇ ਚੰਗੀ ਤਰ੍ਹਾਂ ਬੋਲਣਾ ਨਹੀਂ ਆਉਂਦਾ ਪਰ ਉਸ ਦੀ ਸੁਰਤ ਨੇ ਤਾਂ ਸਿੱਖ ਧਰਮ ਦਾ ਮੂਲ ਮੰਤਰ, ਸਲੋਕ, ਜੈਕਾਰ ਅਤੇ 'ਫ਼ਤਹ' ਪਕੜ ਕਰ ਲਿਆ ਹੈ।.......

ਬੱਚਿਓ ! ਜੇ ਅਸੀਂ ਵਾਹਿਗੁਰੂ ਨੂੰ ਹਰ ਵੇਲੇ ਯਾਦ ਰੱਖਾਂਗੇ, ਹਰ ਕੰਮ ਸ਼ੁਰੂ ਕਰਨ ਲੱਗੇ ਵਾਹਿਗੁਰੂ



www.AKJ.Org

ਦਾ ਨਾਮ ਲਵਾਂਗੇ ਤਾਂ ਸਾਡੀ ਫ਼ਤਹ ਅਵੱਸ਼ ਹੋਏਗੀ। ਮੋਰਚਾ ਸਰ ਕਰਨ ਤੇ ਅਸੀਂ ਹਉਮੈ ਵਿਚ ਨਹੀਂ ਆਉਣਾ ਸਗੋਂ ਵਾਹਿਗੁਰੂ ਦਾ ਧੰਨਵਾਦ ਕਰਨਾ ਹੈ ਜਿਸ ਦੀ ਮਿਹਰ ਸਦਕਾ ਸਾਨੂੰ ਸਫ਼ਲਤਾ ਮਿਲਦੀ ਹੈ, ਸਾਡੀ ਫ਼ਤਹ ਹੁੰਦੀ ਹੈ। ਅਸੀਂ ਉਸ ਫ਼ਤਹ ਨੂੰ 'ਵਾਹਿਗੁਰੂ ਜੀ ਕੀ ਫ਼ਤਹ' ਹੀ ਜਾਨਣਾ ਹੈ।

ਬੱਚਿਓ ! ਜੇ ਵਾਹਿਗੁਰੂ ਦੀ ਮਿਹਰ ਸਾਡੇ ਤੇ ਹੋਏਗੀ ਤਾਂ ਸਾਨੂੰ ਕਿਸੇ ਗੱਲ ਦਾ ਤੋਟਾ ਨਹੀਂ ਆਏਗਾ, ਅਸੀਂ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਰਹਾਂਗੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਉਂ ਕਹਿੰਦੇ ਹਨ –

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ।।**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ।।**
**ਲਖਮੀ ਤੋਟਿ ਨਾ ਆਵਈ ਖਾਇ ਖਰਚਿ ਰਹੰਦਾ।।**
**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ।।**
**ਏਹ ਵੈਰੀ ਮਿਤ੍ਰ ਸਭ ਕੀਤਿਆ ਨਹ ਮੰਗਹਿ ਮੰਦਾ।।**
**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ।।**

(ਪੰਨਾ ੧੦੯੬)

ਬੱਚਿਓ ! ਜੇ ਅਸੀਂ ਇੱਕ ਅਕਾਲ ਪੁਰਖ ਤੇ ਟੇਕ ਰੱਖੀਏ, ਉਸ ਦੇ ਬੰਦੇ (ਸੇਵਕ) ਬਣ ਜਾਈਏ ਤਾਂ ਸਾਨੂੰ ਕੋਈ ਤੋਟਾ (ਘਾਟਾ) ਨਹੀਂ ਆ ਸਕਦਾ। ਹੋਰ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ। ਧਰਤੀ ਦੇ ਚੌਰਾਸੀ ਲੱਖ ਜੀਵ ਹੀ ਪ੍ਰਭੂ ਦੇ ਸੇਵਕ ਦੀ ਸੇਵਾ ਕਰਨ ਲੱਗ ਪੈਂਦੇ ਹਨ, ਵੈਰੀ ਵੀ ਮਿੱਤਰ ਬਣ ਜਾਂਦੇ ਹਨ ਅਤੇ ਕੋਈ ਵੀ ਫਿਰ ਬੁਰਾ ਨਹੀਂ ਤੱਕਦਾ।

ਬੱਚਿਓ ! ਜੇ ਬਖਸ਼ਣਹਾਰ ਵਾਹਿਗੁਰੂ ਦਾ ਹੱਥ ਬੰਦੇ ਦੀ ਪਿੱਠ ਤੇ ਹੋਵੇ ਤਾਂ ਕੀਤੇ ਕੰਮਾਂ ਦਾ ਹਿਸਾਬ (ਲੇਖਾ) ਵੀ ਕੋਈ ਨਹੀਂ ਪੁੱਛਦਾ।

**ਕੁਲਜੀਤ ਸਿੰਘ** :– ਬਾਪੂ ਜੀ ! ਰੱਬ ਦਾ ਸੇਵਕ ਕਿਵੇਂ ਬਣਿਆ ਜਾਂਦਾ ਹੈ ?

**ਬਾਪੂ ਜੀ** :– ਸੱਚੇ ਗੁਰੂ ਦੇ ਲੜ ਲੱਗ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ।

**ਪ੍ਰਭਜੋਤ** :– ਕੀ ਅੰਮ੍ਰਿਤ ਛਕਣ ਨਾਲ ਮਨੁੱਖ ਰੱਬ ਦਾ ਬੰਦਾ ਬਣ ਜਾਂਦਾ ਹੈ ?

**ਬਾਪੂ ਜੀ** :– ਬਿਲਕੁਲ। ਅੰਮ੍ਰਿਤ ਛਕਣ ਸਮੇਂ ਸਾਨੂੰ ਵਾਹਿਗੁਰੂ ਦਾ ਨਾਮ ਦ੍ਰਿੜ ਕਰਵਾਇਆ ਜਾਂਦਾ ਹੈ ਅਤੇ ਇਕ ਅਕਾਲ ਪੁਰਖ ਨੂੰ ਹੀ ਧਿਆਉਣ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਜਦੋਂ ਅਸੀਂ ਵਾਹਿਗੁਰੂ ਤੇ ਟੇਕ ਰੱਖ ਲਈ ਤਾਂ ਉਸ ਦੇ ਬੰਦੇ (ਸੇਵਕ) ਬਣ ਗਏ।

**ਅੰਮ੍ਰਿਤਪਾਲ** :– ਬਾਪੂ ਜੀ ! ਕਮਲਪ੍ਰੀਤ ਨੇ **'ਪਵਣੁ ਗੁਰੂ ਪਾਣੀ ਪਿਤਾ'** ਤਾਂ ਪੜ੍ਹਿਆ ਨਹੀਂ ਤੁਸੀਂ ਕਿਹਾ ਹੈ ਇਸਦੀ ਸੁਰਤ ਮੂਲ ਮੰਤ੍ਰ, ਸਲੋਕ ਪਕੜ ਗਈ ਆ।

**ਬਾਪੂ ਜੀ** :– ਜਪੁ ਜੀ ਸਾਹਿਬ ਦੀ ਬਾਣੀ ਵਿਚ ਦੋ ਸਲੋਕ ਹਨ, ਇੱਕ ਸ਼ੁਰੂ ਵਿੱਚ ਤੇ ਦੂਜਾ ਅਖੀਰ ਤੇ। **"ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।"** ਵਾਲਾ ਸਲੋਕ ਸ਼ੁਰੂ ਵਿੱਚ ਹੈ ਅਤੇ **"ਪਵਣੁ ਗੁਰੁ ਪਾਣੀ ਪਿਤਾ"**ਵਾਲਾ ਅਖੀਰ ਵਿਚ। ਕਮਲਪ੍ਰੀਤ ਨੇ **"ਆਦਿ ਸਚੁ ਜੁਗਾਦਿ ਸਚੁ"** ਵਾਲਾ ਸਲੋਕ ਸੁਣਾਇਆ ਹੈ।

**ਕੁਲਜੀਤ ਸਿੰਘ** :– **"ਆਦਿ ਸਚੁ ਜੁਗਾਦਿ ਸਚੁ"** ਤੋਂ ਪਹਿਲਾਂ 'ਸਲੋਕ' ਸ਼ਬਦ ਤਾਂ ਲਿਖਿਆ ਹੋਇਆ ਨਹੀਂ ਜਿਵੇਂ 'ਪਵਣੁ **ਗੁਰੂ** ਪਾਣੀ **ਪਿਤਾ**" ਤੋਂ ਪਹਿਲੇ ਲਿਖਿਆ ਹੋਇਆ ਹੈ।

**ਬਾਪੂ ਜੀ** :– ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਧੇਰੇ ਵਾਰਾਂ ਵਿੱਚ ਹਰ ਪਉੜੀ ਤੋਂ ਪਹਿਲਾਂ ਸਲੋਕ ਆਉਂਦੇ ਹਨ। ਬਹੁਤ ਸਾਰੇ ਸਲੋਕਾਂ ਦੇ ਅੱਗੇ 'ਸਲੋਕ' ਸ਼ਬਦ ਨਹੀਂ ਲਿਖਿਆ ਹੋਇਆ ਕੇਵਲ ਮ: ੧, ੨, ੩, ੪, ੫ ਆਦਿ ਗੁਰੂ ਵਿਅਕਤੀ ਨੂੰ ਪ੍ਰਗਟਾਉਂਦੇ ਹੋਏ ਅੰਕ ਹੀ ਲਿਖੇ ਹੋਏ ਹਨ। **"ਆਦਿ ਸਚੁ ਜੁਗਾਦਿ ਸਚੁ"** ਵਾਲਾ ਸਲੋਕ ਸੁਖਮਨੀ ਸਾਹਿਬ ਦੀ ੧੭ਵੀਂ ਅਸ਼ਟਪਦੀ ਦੇ ਸ਼ੁਰੂ ਵਿਚ ਵੀ ਦਿੱਤਾ ਹੋਇਆ ਹੈ। ਇਸ ਨੂੰ ਪੜ੍ਹ ਕੇ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਕਿ **"ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"** ਸਲੋਕ ਨਹੀਂ।

**ਅੰਮ੍ਰਿਤਪਾਲ** :– ਬਾਪੂ ਜੀ ! ਪ੍ਰਭੂ ਕੋਲੋਂ ਕਵਿਤਾ ਸੁਣੋ, ਇਹ ਯਾਦ ਕਰਕੇ ਆਇਆ ਹੈ।

**ਬਾਪੂ ਜੀ** :– ਪ੍ਰਭਜੋਤ ! ਸੁਣਾ ਬਈ ਕਵਿਤਾ।

**ਪ੍ਰਭਜੋਤ** :– (ਖੜ੍ਹੇ ਹੋ ਕੇ)

*ਅਸੀਂ ਪੁੱਤਰ ਹਾਂ ਗੁਰੂ ਦਸਮੇਸ਼ ਜੀ ਦੇ ਸਦਾ ਸੱਚ ਦੇ ਪੱਖ ਤੇ ਅੜਨ ਵਾਲੇ। ਦੇਸ਼ ਕੌਮ ਤੇ ਧਰਮ ਦੀ ਸ਼ਮ੍ਹਾ ਉੱਤੇ, ਅਸੀਂ ਵਾਂਗ ਪਤੰਗਿਆਂ ਸੜਨ ਵਾਲੇ।*
*(ਇਸ ਨੂੰ ਦੋ ਵਾਰ ਬੋਲਦਾ ਹੋਇਆ)*
*ਅਸੀਂ ਡਰਦੇ ਨਹੀਂ ਕਦੇ ਵੀ ਮੌਤ ਕੋਲੋਂ,*
*ਹੱਸ ਹੱਸ ਕੇ ਚਰਖੜੀਆਂ ਚੜ੍ਹਨ ਵਾਲੇ।*
*ਸੀਸ ਰੱਖ ਕੇ ਆਪਣੀ ਤਲੀ ਉੱਤੇ,*
*ਬੂਹੇ ਗੁਰੂ ਦੇ ਫੇਰ ਹਾਂ ਵੜਨ ਵਾਲੇ।*
*ਅਸੀਂ ਜਨਮੇ ਹਾਂ ਖੰਡੇ ਦੀ ਧਾਰ ਵਿਚੋਂ,* (ਦੋ ਵੇਰ)


www.AKJ.Org

*ਵਧੇ ਫੁੱਲੇ ਹਾਂ ਅਸੀਂ ਕਿਰਪਨ ਦੇ ਨਾਲ,*
*ਜੇ ਕਰ ਜੀਆਂਗੇ, ਜੀਆਂਗੇ ਅਣਖ ਦੇ ਨਾਲ,*
*ਜੇ ਕਰ ਮਰਾਂਗੇ, ਮਰਾਂਗੇ ਸ਼ਾਨ ਦੇ ਨਾਲ।*

(ਇਨ੍ਹਾਂ ਸਤਰਾਂ ਨੂੰ ਦੋ ਵੇਰ ਬੋਲਦਾ ਹੋਇਆ)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫ਼ਤਹ।

**ਅੰਮ੍ਰਿਤਪਾਲ** :– (ਉੱਚੀ ਦੇਣੀ ਜੈਕਾਰਾ ਗਜਾਉਂਦਾ ਹੋਇਆ) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। (ਬਾਕੀ ਸਾਰੇ ਬੱਚੇ ਵੀ ਜ਼ੋਰ ਨਾਲ ਜੈਕਾਰਾ ਗਜਾਉਂਦੇ ਹਨ)

**ਬਾਪੂ ਜੀ** :– ਵਾਹ ਬਈ ਪ੍ਰਭਜੋਤ ! ਤੈਂ ਤੇ ਕਮਾਲ ਕਰ ਦਿੱਤੀ। *"ਜੇ ਕਰ ਜੀਆਂਗੇ, ਜੀਆਂਗੇ ਅਣਖ ਦੇ ਨਾਲ, ਜੇ ਕਰ ਮਰਾਂਗੇ, ਮਰਾਂਗੇ ਸ਼ਾਨ ਦੇ ਨਾਲ।"*

ਬਹਾਦਰ ਅਣਖ ਨਾਲ ਹੀ ਜੀਉਂਦੇ ਹਨ ਅਤੇ ਜੀਵਨ ਦੀ ਜੰਗ ਵਿਚ ਜੂਜਦੇ ਹੋਏ ਸ਼ਾਨ ਨਾਲ ਹੀ ਮਰਦੇ ਹਨ। ਬੇਅਣਖੇ ਜੀਵਨ ਨਾਲੋਂ ਤੇ ਜ਼ੁਲਮ ਦੇ ਖਿਲਾਫ ਲੜ ਮਰਨਾ ਹੀ ਚੰਗਾ ਹੈ।

**ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ।।**
**ਪੁਰਜਾ ਪੁਰਜਾ ਕਟਿ ਮਰੈ, ਕਬਹੂੰ ਨ ਛਾਡੈ ਖੇਤੁ।।**
(ਪੰਨਾ ੧੧੦੫)

**ਕੁਲਜੀਤ ਸਿੰਘ** :– ਇਸ ਦੇ ਕੀ ਅਰਥ ?

**ਬਾਪੂ ਜੀ** :– ਕਬੀਰ ਸਾਹਿਬ ਕਹਿੰਦੇ ਹਨ ਕਿ ਉਹ ਮਨੁੱਖ ਸੂਰਮਾ ਹੈ ਜਿਹੜਾ ਦੀਨ ਦੁਨੀਆਂ ਦੀ ਖਾਤਰ ਲੜਦਾ ਹੈ, ਟੋਟੇ ਟੋਟੇ ਹੋ ਕੇ ਤਾਂ ਮਰ ਜਾਂਦਾ ਹੈ ਪਰ ਲੜਾਂਈ ਦਾ ਮੈਦਾਨ ਕਦੇ ਨਹੀਂ ਛੱਡਦਾ।

**ਕੁਲਜੀਤ ਸਿੰਘ** :–"ਸੂਰਾ" ਰਸਾਲੇ ਤੇ ਤਾਂ ਲਿਖਿਆ ਹੋਇਆ ਹੈ–

**"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**
**ਸੋ ਕਹੀਅਤ ਹੈ ਸੂਰਾ।"**

**ਬਾਪੂ ਜੀ** :– ਇਹ ਜੱਗ (ਦੁਨੀਆਂ) ਰਣ-ਭੂਮੀ ਹੀ ਹੈ। ਸੂਰਮਾ ਬੰਦਾ ਹੀ ਵਿਕਾਰਾਂ ਦੇ ਟਾਕਰੇ ਤੇ ਖਲੋਂਦਾ ਹੈ, ਬਾਕੀਆਂ ਨੂੰ ਤੇ ਮਾਇਆ ਆਪਣੇ ਕਾਰਿੰਦਿਆ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰਾਹੀਂ ਨੱਕ ਨਕੇਲ ਪਾ ਕੇ ਆਪਣੇ ਮਗਰ ਘੜੀਸੀ ਫਿਰਦੀ ਹੈ। ਸੂਰਮੇ ਹੀ ਉਸ ਨਾਲ ਜੂਝਦੇ ਹਨ ਅਤੇ ਪੈਰਾਂ ਥੱਲੇ ਲੈ ਕੇ ਉਸ ਦਾ ਕਚੂਮਰ ਕੱਢਦੇ ਹੰਨ। ਅਜੇਹੇ ਨਾਮ ਦੀ ਰੰਗਣ ਵਿਚ ਰੰਗੇ ਹੋਏ ਵਿਰਲੇ ਗੁਰਮੁਖ ਹੀ "ਸੂਰੇ" ਹਨ। **"ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।"** (ਪੰਨਾ ੫੧੦)

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ–

**ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ।।**
**ਨਾਨਕ ਅਵਰੁ ਨ ਜੀਵੈ ਕੋਇ।।**
**ਜੇ ਜੀਵੈ, ਪਤਿ ਲਥੀ ਜਾਇ।।**
**ਸਭੁ ਹਰਾਮੁ ਜੇਤਾ ਕਿਛੁ ਖਾਇ।।** (ਪੰਨਾ ੧੪੨)

**ਕੁਲਜੀਤ ਸਿੰਘ** :– ਇਸ ਦਾ ਕੀ ਅਰਥ ?

**ਬਾਪੂ ਜੀ** :– ਉਹ ਮਨੁੱਖ ਜੀਉਂਦਾ ਹੈ ਜਿਸ ਦੇ ਮਨ ਵਿਚ ਪਰਮਾਤਮਾ ਵੱਸ ਰਿਹਾ ਹੈ, ਬੰਦਗੀ ਵਾਲੇ ਤੋਂ ਬਿਨਾਂ ਕੋਈ ਹੋਰ ਜਿਉਂਦਾ ਨਹੀਂ ਭਾਵ ਸਾਰੇ ਆਤਮਕ ਮੌਤੇ ਮਰੇ ਹੋਏ ਹਨ, ਜੇ ਨਾਮ ਵਿਹੂਣਾ ਕੋਈ ਜੀਉਂਦਾ ਵੀ ਦਿਸਦਾ ਹੈ ਉਹ ਏਥੋਂ ਇੱਜ਼ਤ ਗਵਾ ਕੇ ਜਾਂਦਾ ਹੈ, ਜੋ ਕੁੱਝ ਏਥੇ ਖਾਂਦਾ ਪੀਂਦਾ ਹੈ, ਹਰਾਮ ਹੀ ਖਾਂਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ–

**'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।'**

ਗੁਰੂ ਅਰਜਨ ਦੇਵ ਜੀ ਇਸ ਕਥਨ ਦੀ ਪ੍ਰੋੜਤਾ ਕਰਦੇ ਹੋਏ ਫਰਮਾਉਂਦੇ ਹਨ–

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**
**ਸੋ ਕਹੀਅਤ ਹੈ ਸੂਰਾ।** (ਪੰਨਾ ੬੭੯-੮੦)

**ਕੁਲਜੀਤ ਸਿੰਘ** :– ਬਾਪੂ ਜੀ ! ਭੁਪਿੰਦਰ ਸਿੰਘ ਨੂੰ ਕਹੋ ਕੀਰਤਨ ਸੁਣਾਵੇ।

**ਬਾਪੂ ਜੀ** :– ਭੁਪਿੰਦਰ ਸਿੰਘ ! ਲਿਆ ਅੰਦਰੋਂ ਵਾਜਾ ਤੇ ਸੁਣਾ ਕੀਰਤਨ।

(ਭੁਪਿੰਦਰ ਸਿੰਘ ਤੇ ਅੰਮ੍ਰਿਤਪਾਲ ਅੰਦਰੋਂ ਵਾਜਾ, ਜੋੜੀ ਤੇ ਖੜਤਾਲਾਂ ਲੈ ਆਉਂਦੇ ਹਨ ਅਤੇ **"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ"** ਵਾਲੇ ਸ਼ਬਦ ਦੁਆਰਾ ਹੀ ਕੀਰਤਨ ਸ਼ੁਰੂ ਹੋ ਜਾਂਦਾ ਹੈ। * * * * *

## ਲਾਲ ਰੰਗ

ਇਕ ਦਿਨ ਗੁਲਾਮ ਮੁਹੰਮਦ ਬੂਹਿਆਂ ਦੀ ਵਿਰਲ ਵਿੱਚੀ ਟਿਕ ਟਿਕੀ ਲਗਾ ਕੇ ਭਾਈ ਸਾਹਿਬ ਨੂੰ ਨਾਮ ਜਪਦਿਆਂ ਦੇਖਦਾ ਰਿਹਾ। ਭਾਈ ਸਾਹਿਬ ਦੇ ਚਿਹਰੇ ਤੇ ਉਸ ਨੂੰ ਨੂਰ ਟਪਕਦਾ ਨਜ਼ਰ ਆਇਆ ਜਿਸ ਨੂੰ ਦੇਖ ਕੇ ਉਹ ਬਹੁਤ ਪ੍ਰਭਾਵਤ ਹੋਇਆ। ਉਹ ਹੈਰਾਨ ਸੀ ਕਿ ਮੁਸਲਮਾਨ ਲੋਕ ਤਾਂ ਕਹਿੰਦੇ ਹਨ ਕਿ ਹਲਾਲ (ਮਾਸ) ਖਾਣ ਨਾਲ ਚੇਹਰੇ ਦੀ ਲਾਲੀ ਵਧਦੀ ਹੈ ਪਰ ਭਾਈ ਸਾਹਿਬ ਤਾਂ ਗੋਸ਼ਤ ਨਹੀਂ ਖਾਂਦੇ, ਉਹਨਾਂ ਦੇ ਚੇਹਰੇ ਦੀ ਏਨੀ ਲਾਲੀ ਦਾ ਕੀ ਰਾਜ਼ (ਭੇਦ) ਹੈ ?

**ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡਭਾਗਾ।।**
**ਮੈਲਾ ਕਦੇ ਨ ਹੋਵਈ, ਨਹ ਲਾਗੈ ਦਾਗਾ।।** (ਪੰਨਾ ੮੦੮)



www.AKJ.Org

1996 (ਈਸਵੀ) ੫੨੭-੨੮ (ਨਾਨਕ ਸ਼ਾਹੀ) ੨੦੫੨-੫੩ (ਬਿਕ੍ਰਮੀ) ਦਾ ਕੈਲੰਡਰ

# ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਜਨਵਰੀ, 14 - ਸ਼ਹੀਦੀ ਜੋੜ ਮੇਲਾ ਸ੍ਰੀ ਮੁਕਤਸਰ
ਜਨਵਰੀ, 15 - ਜੋਤੀ ਜੋਤ ਭਗਤ ਨਾਮਦੇਵ ਜੀ
ਜਨਵਰੀ, 27 - ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ
ਫਰਵਰੀ, 2 - ਪ੍ਰਕਾਸ਼ ਸ੍ਰੀ ਗੁਰੂ ਹਰਿ ਰਾਏ ਜੀ
ਫਰਵਰੀ, 4 - ਜਨਮ ਦਿਨ ਭਗਤ ਰਵਿਦਾਸ ਜੀ
ਫਰਵਰੀ, 10 - ਸ਼ਹੀਦੀ ਬਾਬਾ ਦੀਪ ਸਿੰਘ ਜੀ
ਫਰਵਰੀ, 21 - ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ
ਫਰਵਰੀ, 22 - ਸ਼ਹੀਦੀ ਸਾਕਾ ਸ੍ਰੀ ਗੰਗਸਰ•ਜੈਤੋ
ਮਾਰਚ, 6 - ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ
ਮਾਰਚ,17 - ਗੁਰਿਆਈ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ
ਮਾਰਚ,20 - ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ
ਮਾਰਚ,23 - ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ
ਮਾਰਚ,24 - ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਅਪ੍ਰੈਲ,1 - ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
ਅਪ੍ਰੈਲ,1 - ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਪ੍ਰੈਲ,8 - ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਪ੍ਰੈਲ,10 - ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ
ਅਪ੍ਰੈਲ,13 - ਖਾਲਸੇ ਦਾ ਸਾਜਨਾ ਦਿਵਸ ਵੈਸਾਖੀ
ਅਪ੍ਰੈਲ,18 - ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ
ਮਈ, 2 - ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ
ਮਈ, 4 - ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ
ਮਈ, 10 - ਗੁਰਿਆਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ
ਮਈ, 21 - ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ
ਜੂਨ, 1 - ਜਨਮ ਭਗਤ ਕਬੀਰ ਜੀ
ਜੂਨ, 2 - ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਜੀ
ਜੂਨ, 11 - ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ
ਜੁਲਾਈ, 26 - ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ
ਜੁਲਾਈ, 27 - ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ
ਅਗਸਤ, 7 - ਪ੍ਰਕਾਸ਼ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ
ਸਤੰਬਰ, 13 - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼
ਸਤੰਬਰ, 14 - ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ
ਸਤੰਬਰ, 16 - ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਜੀ
ਸਤੰਬਰ, 25 - ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ
ਸਤੰਬਰ, 27 - ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਜੀ
ਸਤੰਬਰ, 29 -ਜਨਮ ਸਾਹਿਬਜ਼ਾਦਾ ਜੁਝਾਰ ਸਿੰਘ ਜੀ
ਅਕਤੂਬਰ, 1 - ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ
ਅਕਤੂਬਰ, 7 - ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ
ਅਕਤੂਬਰ, 28 - ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ
ਨਵੰਬਰ, 4 - ਜੋਤੀ ਜੋਤ ਸ੍ਰੀ ਗੁਰੂ ਹਰਿਰਾਇ ਜੀ
ਨਵੰਬਰ, 4 - ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
ਨਵੰਬਰ, 10 - ਬੰਦੀ ਛੋੜ ਦਿਵਸ (ਦੀਵਾਲੀ)
ਨਵੰਬਰ, 12 - ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਨਵੰਬਰ, 21- ਜਨਮ ਭਗਤ ਨਾਮਦੇਵ ਜੀ
ਨਵੰਬਰ, 25 - ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਦਸੰਬਰ, 13 - ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦਸੰਬਰ, 15 - ਸ਼ਹੀਦੀ ਸ੍ਰੀ ਗੁਰੂ ਤੇਗਬਹਾਦਰ ਜੀ
ਦਸੰਬਰ, 22 - ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ
ਦਸੰਬਰ, 26-28 - ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ

* * * * *

## ਕੀ ਤੁਸੀਂ ਹਾਲੇ ਤੀਕ ਅੰਮ੍ਰਿਤ ਨਹੀਂ ਛਕਿਆ, ਨਿਗੁਰੇ ਹੀ ਹੋ ?

ਨਿਗੁਰੇ ਬਾਬਤ ਤਾਂ ਸਤਿਗੁਰਾਂ ਦੇ ਬਚਨ ਹਨ-

੧) ਨਿਗੁਰੇ ਪਸੂ ਸਮਾਨਾ। (ਪੰਨਾ ੧੧੩੮)
੨) ਨਿਗੁਰੇ ਕਾ ਹੈ ਨਾਉ ਬੁਰਾ। (ਪੰਨਾ ੪੩੫)
੩) ਨਿਗੁਰੇ ਕਉ ਗਤਿ ਕਾਈ ਨਾਹੀ। (ਪੰਨਾ ੩੬੧)
੪) ਨਿਗੁਰੇ ਗਲਿ ਜਮ ਫਾਸਾ ਹੇ। (ਪੰਨਾ ੧੦੭੩)
੫) ਓਹੁ ਹਰਿ ਦਰਗਹ ਹੈ ਭ੍ਰਸਟੀ। (ਪੰਨਾ ੫੨੮)

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ।।
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ।।
(ਪੰਨਾ ੧੩੯੯)

ਸਤਿਗੁਰਾਂ ਦਾ ਉਪਦੇਸ਼ ਚੰਗੀ ਤਰ੍ਹਾਂ ਸਮਝਣ ਲਈ ਇਨ੍ਹਾਂ ਤੁਕਾਂ ਵਾਲੇ ਸ਼ਬਦਾਂ ਦੀ ਵਿਚਾਰ ਕਰੋ ਜੀ।



www.AKJ.Org

## ਜਨਵਰੀ 1996

ਪੋਹ ੨੦੫੨ ਮਾਘ

| | | | | | |
|---|---|---|---|---|---|
| ਐਤ | | 7 ੨੩ | 14 ਮਾਘ ੧ | 21 ੮ | 28 ੧੫ |
| ਸੋਮ | 1 ੧੭ | 8 ੨੪ | 15 ੨ | 22 ੯ | 29 ੧੬ |
| ਮੰਗਲ | 2 ੧੮ | 9 ੨੫ | 16 ੩ | 23 ੧੦ | 30 ੧੭ |
| ਬੁੱਧ | 3 ੧੯ | 10 ੨੬ | 17 ੪ | 24 ੧੧ | 31 ੧੮ |
| ਵੀਰ | 4 ੨੦ | 11 ੨੭ | 18 ੫ | 25 ੧੨ | |
| ਸ਼ੁੱਕਰ | 5 ੨੧ | 12 ੨੮ | 19 ੬ | 26 ੧੩ | |
| ਸ਼ਨੀ | 6 ੨੨ | 13 ੨੯ | 20 ੭ | 27 ੧੪ | |

## ਫਰਵਰੀ 1996

ਮਾਘ ੨੦੫੨ ਫੱਗਣ

| | | | | | |
|---|---|---|---|---|---|
| ਐਤ | | 4 ੨੨ | 11 ੨੯ | 18 ੬ | 25 ੧੩ |
| ਸੋਮ | | 5 ੨੩ | 12 ੩੦ | 19 ੭ | 26 ੧੪ |
| ਮੰਗਲ | | 6 ੨੪ | 13 ਫੱਗਣ ੧ | 20 ੮ | 27 ੧੫ |
| ਬੁੱਧ | | 7 ੨੫ | 14 ੨ | 21 ੯ | 28 ੧੬ |
| ਵੀਰ | 1 ੧੯ | 8 ੨੬ | 15 ੩ | 22 ੧੦ | 29 ੧੭ |
| ਸ਼ੁੱਕਰ | 2 ੨੦ | 9 ੨੭ | 16 ੪ | 23 ੧੧ | |
| ਸ਼ਨੀ | 3 ੨੧ | 10 ੨੮ | 17 ੫ | 24 ੧੨ | |

## ਮਾਰਚ 1996

ਫੱਗਣ ੨੦੫੨–੫੩ ਚੇਤ

| | | | | | |
|---|---|---|---|---|---|
| ਐਤ | 31 ੧੮ | 3 ੨੦ | 10 ੨੭ | 17 ੪ | 24 ੧੧ |
| ਸੋਮ | | 4 ੨੧ | 11 ੨੮ | 18 ੫ | 25 ੧੨ |
| ਮੰਗਲ | | 5 ੨੨ | 12 ੨੯ | 19 ੬ | 26 ੧੩ |
| ਬੁੱਧ | | 6 ੨੩ | 13 ੩੦ | 20 ੭ | 27 ੧੪ |
| ਵੀਰ | | 7 ੨੪ | 14 ਚੇਤ ੧ | 21 ੮ | 28 ੧੫ |
| ਸ਼ੁੱਕਰ | 1 ੧੮ | 8 ੨੫ | 15 ੨ | 22 ੯ | 29 ੧੬ |
| ਸ਼ਨੀ | 2 ੧੯ | 9 ੨੬ | 16 ੩ | 23 ੧੦ | 30 ੧੭ |

## ਅਪ੍ਰੈਲ 1996

ਚੇਤ ੨੦੫੩ ਵੈਸਾਖ

| | | | | | |
|---|---|---|---|---|---|
| ਐਤ | | 7 ੨੫ | 14 ੨ | 21 ੯ | 28 ੧੬ |
| ਸੋਮ | 1 ੧੯ | 8 ੨੬ | 15 ੩ | 22 ੧੦ | 29 ੧੭ |
| ਮੰਗਲ | 2 ੨੦ | 9 ੨੭ | 16 ੪ | 23 ੧੧ | 30 ੧੮ |
| ਬੁੱਧ | 3 ੨੧ | 10 ੨੮ | 17 ੫ | 24 ੧੨ | |
| ਵੀਰ | 4 ੨੨ | 11 ੨੯ | 18 ੬ | 25 ੧੩ | |
| ਸ਼ੁੱਕਰ | 5 ੨੩ | 12 ੩੦ | 19 ੭ | 26 ੧੪ | |
| ਸ਼ਨੀ | 6 ੨੪ | 13 ਵੈਸਾਖ ੧ | 20 ੮ | 27 ੧੫ | |



www.AKJ.Org

## ਮਈ 1996

ਵੈਸਾਖ ੨੦੫੩ ਜੇਠ

| | | | | | |
|---|---|---|---|---|---|
| ਐਤ | | 5 ੨੩ | 12 ੩੦ | 19 ੬ | 26 ੧੩ |
| ਸੋਮ | | 6 ੨੪ | 13 ੩੧ | 20 ੭ | 27 ੧੪ |
| ਮੰਗਲ | | 7 ੨੫ | 14 ਜੇਠ ੧ | 21 ੮ | 28 ੧੫ |
| ਬੁੱਧ | 1 ੧੯ | 8 ੨੬ | 15 ੨ | 22 ੯ | 29 ੧੬ |
| ਵੀਰ | 2 ੨੦ | 9 ੨੭ | 16 ੩ | 23 ੧੦ | 30 ੧੭ |
| ਸ਼ੁੱਕਰ | 3 ੨੧ | 10 ੨੮ | 17 ੪ | 24 ੧੧ | 31 ੧੮ |
| ਸ਼ਨੀ | 4 ੨੨ | 11 ੨੯ | 18 ੫ | 25 ੧੨ | |

## ਜੂਨ 1996

ਜੇਠ ੨੦੫੩ ਹਾੜ੍ਹ

| | | | | | |
|---|---|---|---|---|---|
| ਐਤ | 30 ੧੭ | 2 ੨੦ | 9 ੨੭ | 16 ੩ | 23 ੧੦ |
| ਸੋਮ | | 3 ੨੧ | 10 ੨੮ | 17 ੪ | 24 ੧੧ |
| ਮੰਗਲ | | 4 ੨੨ | 11 ੨੯ | 18 ੫ | 25 ੧੨ |
| ਬੁੱਧ | | 5 ੨੩ | 12 ੩੦ | 19 ੬ | 26 ੧੩ |
| ਵੀਰ | | 6 ੨੪ | 13 ੩੧ | 20 ੭ | 27 ੧੪ |
| ਸ਼ੁੱਕਰ | | 7 ੨੫ | 14 ਹਾੜ੍ਹ ੧ | 21 ੮ | 28 ੧੫ |
| ਸ਼ਨੀ | 1 ੧੯ | 8 ੨੬ | 15 ੨ | 22 ੯ | 29 ੧੬ |

## ਜੁਲਾਈ 1996

ਹਾੜ੍ਹ ੨੦੫੩ ਸਾਵਣ

| | | | | | |
|---|---|---|---|---|---|
| ਐਤ | | 7 ੨੪ | 14 ੩੧ | 21 ੬ | 28 ੧੩ |
| ਸੋਮ | 1 ੧੮ | 8 ੨੫ | 15 ੩੨ | 22 ੭ | 29 ੧੪ |
| ਮੰਗਲ | 2 ੧੯ | 9 ੨੬ | 16 ਸਾਵਣ ੧ | 23 ੮ | 30 ੧੫ |
| ਬੁੱਧ | 3 ੨੦ | 10 ੨੭ | 17 ੨ | 24 ੯ | 31 ੧੬ |
| ਵੀਰ | 4 ੨੧ | 11 ੨੮ | 18 ੩ | 25 ੧੦ | |
| ਸ਼ੁੱਕਰ | 5 ੨੨ | 12 ੨੯ | 19 ੪ | 26 ੧੧ | |
| ਸ਼ਨੀ | 6 ੨੩ | 13 ੩੦ | 20 ੫ | 27 ੧੨ | |

## ਅਗਸਤ 1996

ਸਾਵਣ ੨੦੫੩ ਭਾਦੋਂ

| | | | | | |
|---|---|---|---|---|---|
| ਐਤ | | 4 ੨੦ | 11 ੨੭ | 18 ੩ | 25 ੧੦ |
| ਸੋਮ | | 5 ੨੧ | 12 ੨੮ | 19 ੪ | 26 ੧੧ |
| ਮੰਗਲ | | 6 ੨੨ | 13 ੨੯ | 20 ੫ | 27 ੧੨ |
| ਬੁੱਧ | | 7 ੨੩ | 14 ੩੦ | 21 ੬ | 28 ੧੩ |
| ਵੀਰ | 1 ੧੭ | 8 ੨੪ | 15 ੩੧ | 22 ੭ | 29 ੧੪ |
| ਸ਼ੁੱਕਰ | 2 ੧੮ | 9 ੨੫ | 16 ਭਾਦੋਂ ੧ | 23 ੮ | 30 ੧੫ |
| ਸ਼ਨੀ | 3 ੧੯ | 10 ੨੬ | 17 ੨ | 24 ੯ | 31 ੧੬ |



www.AKJ.Org

## ਭਾਦੋਂ — ਸਤੰਬਰ 1996 — ਅੱਸੂ
੨੦੫੩

| | | | | | |
|---|---|---|---|---|---|
| ਐਤ | 1 ੧੭ | 8 ੨੪ | 15 ੩੧ | 22 ੭ | 29 ੧੪ |
| ਸੋਮ | 2 ੧੮ | 9 ੨੫ | 16 ਅੱਸੂ ੧ | 23 ੮ | 30 ੧੫ |
| ਮੰਗਲ | 3 ੧੯ | 10 ੨੬ | 17 ੨ | 24 ੯ | |
| ਬੁੱਧ | 4 ੨੦ | 11 ੨੭ | 18 ੩ | 25 ੧੦ | |
| ਵੀਰ | 5 ੨੧ | 12 ੨੮ | 19 ੪ | 26 ੧੧ | |
| ਸ਼ੁੱਕਰ | 6 ੨੨ | 13 ੨੯ | 20 ੫ | 27 ੧੨ | |
| ਸ਼ਨੀ | 7 ੨੩ | 14 ੩੦ | 21 ੬ | 28 ੧੩ | |

## ਅੱਸੂ — ਅਕਤੂਬਰ 1996 — ਕੱਤਕ
੨੦੫੩

| | | | | | |
|---|---|---|---|---|---|
| ਐਤ | | 6 ੨੧ | 13 ੨੮ | 20 ੫ | 27 ੧੨ |
| ਸੋਮ | | 7 ੨੨ | 14 ੨੯ | 21 ੬ | 28 ੧੩ |
| ਮੰਗਲ | 1 ੧੬ | 8 ੨੩ | 15 ੩੦ | 22 ੭ | 29 ੧੪ |
| ਬੁੱਧ | 2 ੧੭ | 9 ੨੪ | 16 ਕੱਤਕ ੧ | 23 ੮ | 30 ੧੫ |
| ਵੀਰ | 3 ੧੮ | 10 ੨੫ | 17 ੨ | 24 ੯ | 31 ੧੬ |
| ਸ਼ੁੱਕਰ | 4 ੧੯ | 11 ੨੬ | 18 ੩ | 25 ੧੦ | |
| ਸ਼ਨੀ | 5 ੨੦ | 12 ੨੭ | 19 ੪ | 26 ੧੧ | |

## ਕੱਤਕ — ਨਵੰਬਰ 1996 — ਮੱਘਰ
੨੦੫੩

| | | | | | |
|---|---|---|---|---|---|
| ਐਤ | | 3 ੧੯ | 10 ੨੬ | 17 ੩ | 24 ੧੦ |
| ਸੋਮ | | 4 ੨੦ | 11 ੨੭ | 18 ੪ | 25 ੧੧ |
| ਮੰਗਲ | | 5 ੨੧ | 12 ੨੮ | 19 ੫ | 26 ੧੨ |
| ਬੁੱਧ | | 6 ੨੨ | 13 ੨੯ | 20 ੬ | 27 ੧੩ |
| ਵੀਰ | | 7 ੨੩ | 14 ੩੦ | 21 ੭ | 28 ੧੪ |
| ਸ਼ੁੱਕਰ | 1 ੧੭ | 8 ੨੪ | 15 ਮੱਘਰ ੧ | 22 ੮ | 29 ੧੫ |
| ਸ਼ਨੀ | 2 ੧੮ | 9 ੨੫ | 16 ੨ | 23 ੯ | 30 ੧੬ |

## ਮੱਘਰ — ਦਸੰਬਰ 1996 — ਪੋਹ
੨੦੫੩

| | | | | | |
|---|---|---|---|---|---|
| ਐਤ | 1 ੧੭ | 8 ੨੪ | 15 ਪੋਹ ੧ | 22 ੮ | 29 ੧੫ |
| ਸੋਮ | 2 ੧੮ | 9 ੨੫ | 16 ੨ | 23 ੯ | 30 ੧੬ |
| ਮੰਗਲ | 3 ੧੯ | 10 ੨੬ | 17 ੩ | 24 ੧੦ | 31 ੧੭ |
| ਬੁੱਧ | 4 ੨੦ | 11 ੨੭ | 18 ੪ | 25 ੧੧ | |
| ਵੀਰ | 5 ੨੧ | 12 ੨੮ | 19 ੫ | 26 ੧੨ | |
| ਸ਼ੁੱਕਰ | 6 ੨੨ | 13 ੨੯ | 20 ੬ | 27 ੧੩ | |
| ਸ਼ਨੀ | 7 ੨੩ | 14 ੩੦ | 21 ੭ | 28 ੧੪ | |



www.AKJ.Org

## ਬੱਚਿਆਂ ਲਈ ਸਵਾਲ

1. ਭਾਈ ਸਾਹਿਬ ਰਣਧੀਰ ਸਿੰਘ ਦੇ ਹਸਪਤਾਲ ਬੀਮਾਰ ਪਏ ਪਿਤਾ ਜੀ ਨੂੰ ਕਿਸ ਦੁਆਈ ਨਾਲ ਆਰਾਮ ਆਇਆ ?
2. "ਨਾਨਕ ਹਰਿਜਨ ਹਰਿ ਇਕੋ ਹੋਏ ਹਰਿ ਜਪਿ ਸੇਤੀ ਰਲਿਆ ।।" (ਵਡਹੰਸ ਮ: ੪) ਇਸ ਤੁਕ ਦੇ ਭਾਵ ਅਰਥ ਨਾਲ ਮਿਲਦੀ ਜੁਲਦੀ ਤੁਕ 'ਕੀਰਤਨੀ ਆਸਾ ਦੀ ਵਾਰ' ਵਿੱਚੋਂ ਲੱਭ ਕੇ ਲਿਖੋ।
3. ਗੁਰਸਿੱਖਾਂ ਨੂੰ ਰੋਟੀ ਦੀ ਸਾਂਝ ਕਿਨ੍ਹਾਂ ਕਿਨ੍ਹਾਂ ਨਾਲ ਰੱਖਣ ਦੀ ਮਨਾਹੀ ਹੈ ?
4. ਉਹ ਕਿਹੜਾ ਮੁਗਲ ਸਰਦਾਰ ਸੀ ਜਿਹੜਾ ਅਨੰਦਪੁਰ ਦੇ ਯੁੱਧ ਵਿਚ ਲੜਦਾ ਹੋਇਆ ਜਦੋਂ ਦਸਮੇਸ਼ ਜੀ ਦੇ ਸਾਹਮਣੇ ਆਇਆ ਤਾਂ ਦਰਸ਼ਨ ਕਰਦਿਆਂ ਸਾਰ ਹੀ ਸ਼ਾਹੀ ਸੈਨਾ ਦਾ ਸਾਥ ਛੱਡ ਗਿਆ ਅਤੇ ਸਿੰਘਾਂ ਨਾਲ ਰਲ ਕੇ ਲੜਦਾ ਹੋਇਆ ਸ਼ਹੀਦ ਹੋਇਆ?
5. ਜਿਹੜੇ ਸਿੱਖ ਗੁਰੂ ਲੜ ਲੱਗ ਕੇ (ਅੰਮ੍ਰਿਤ ਛੱਕ ਕੇ) ਗੁਰੂ ਤੋਂ ਬੇਮੁੱਖ ਹੋ ਜਾਂਦੇ ਹਨ ਉਨ੍ਹਾਂ ਬਾਰੇ ਗੁਰਬਾਣੀ ਵਿਚ ਆਏ ਗੁਰੂ ਸਾਹਿਬਾਨ ਦੇ ਕੋਈ ਦੋ ਫੁਰਮਾਨ ਲਿਖੋ।

### ਜਨਵਰੀ ੧੯੯੬

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ........................................

ਉਮਰ ........................................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

........................................

........................................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੩੧ ਜਨਵਰੀ ੧੯੯੬ ਤੱਕ "ਸੂਰਾ" ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

**ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।**

### ਬੱਚਿਆਂ ਲਈ ਸਵਾਲ-ਜਵਾਬ ਦਾ ਨਤੀਜਾ

ਅਕਤੂਬਰ, 95 – ਗੁਰਪਿੰਦਰ ਕੌਰ, ਪਿੰਡ ਰੰਗੜ ਨੰਗਲ, ਜ਼ਿਲਾ ਗੁਰਦਾਸਪੁਰ (ਤੀਜਾ ਦਰਜਾ)

ਨਵੰਬਰ, 95 – ਪਹਿਲਾ ਦਰਜਾ – ਹਰਪ੍ਰੀਤ ਸਿੰਘ, ਨੰਗਲ ਟਾਊਨਸ਼ਿਪ (ਰੋਪੜ)

ਦੂਜਾ ਦਰਜਾ – ਭਜਨੀਤ ਸਿੰਘ, ਸ੍ਰੀ ਦਸਮੇਸ਼ ਅਕੈਡਮੀ, ਅਨੰਦਪੁਰ ਸਾਹਿਬ।

### ਜ਼ਰੂਰੀ ਸੂਚਨਾ

ਬਾਹਰੋਂ ਆਉਣ ਵਾਲੇ ਪ੍ਰੇਮੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿਛਲੇ ਕਾਫ਼ੀ ਸਮੇਂ ਤੋਂ "ਸੂਰਾ" ਮਾਸਿਕ ਪੱਤਰ ਸਬ-ਆਫਿਸ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਵਿਖੇ ਚੱਲ ਰਿਹਾ ਹੈ। ਸੋ ਇੱਛਕ ਸੱਜਣ ਸੂਰਾ ਸੰਬੰਧੀ ਕਿਸੇ ਵੀ ਕੰਮ ਵਾਸਤੇ ਇਸੇ ਸਬ-ਆਫਿਸ ਵਿਖੇ ਹੀ ਸਵੇਰੇ 10.00 ਵਜੇ ਤੋਂ 5.00 ਵਜੇ ਤੱਕ ਮਿਲ ਸਕਦੇ ਹਨ। – ਸੰਪਾਦਕ

## ਗੁਰੂ ਕੇ ਲੰਗਰ ਵਿਚ ਦਲੀਆ

ਆਮ ਤੌਰ ਤੇ ਵੇਖਿਆ ਗਿਆ ਹੈ ਕਿ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਲੰਗਰ ਵਿਚ ਦਲੀਆ ਤਿਆਰ ਕੀਤਾ ਜਾਂਦਾ ਹੈ ਤੇ ਉਹ ਵੀ ਆਮ ਤੌਰ ਤੇ ਰੈਣਿ ਸਬਾਈ ਕੀਰਤਨ ਦੀ ਆਰੰਭਤਾ ਸਮੇਂ। ਇਸ ਦਾ ਕਾਰਨ ਇਹ ਹੈ ਕਿ ਦਲੀਆ ਇਕ ਛੇਤੀ ਪਚਣਯੋਗ ਭੋਜਨ ਹੈ ਤੇ ਇਸਦੇ ਖਾਣ ਨਾਲ ਐਸਿਡੀਟੀ (Acidity) ਆਦਿ ਵਰਗੀ ਕਸਰ ਨਹੀਂ ਹੁੰਦੀ ਤੇ ਭਜਨੀਕ ਬੰਦਿਆਂ ਵਾਸਤੇ ਇਹ ਸਾਰੀ ਰਾਤ ਬੈਠਣ ਵਿਚ ਸਹਾਈ ਹੁੰਦਾ ਹੈ ਪ੍ਰੰਤੂ ਅੱਜਕਲ੍ਹ ਬਹੁਤ ਸਾਰੀਆਂ ਥਾਵਾਂ ਤੇ ਦਲੀਆ ਬਣਾਉਣ ਲਗਿਆਂ ਇਸ ਵਿਚ ਕਾਫ਼ੀ ਸਾਰਾ ਘਿਉ ਤੇ ਹੋਰ ਬਦਾਮ, ਕਾਜੂ, ਸੌਗੀ ਆਦਿ ਮੇਵੇ ਪਾ ਕੇ ਇਸ ਨੂੰ ਕਾਫ਼ੀ ਭਾਰਾ ਭੋਜਨ ਬਣਾ ਦਿੱਤਾ ਜਾਂਦਾ ਹੈ। ਜਿਸ ਨਾਲ ਦਲੀਆ ਬਣਾਉਣ ਦਾ ਅਸਲ ਮੰਤਵ ਖਤਮ ਹੋ ਜਾਂਦਾ ਹੈ ਤੇ ਇਹ ਕਈ ਵਾਰੀ ਫਾਇਦਾ ਕਰਨ ਦੀ ਥਾਂ ਉਲਟਾ ਨੁਕਸਾਨ ਕਰਦਾ ਹੈ। ਸੋ ਸਾਰੇ ਸਮਾਗਮਾਂ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਦਲੀਆ ਹਲਕਾ ਭੋਜਨ ਹੀ ਰਹਿਣ ਦਿੱਤਾ ਜਾਵੇ।

### ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | 50 ਰੁ: | ਭਾਈ ਪ੍ਰੀਤਮ ਸਿੰਘ ਦਸੂਹਾ | 500 ਰੁ: |
| ਸ੍ਰ: ਨਰਿੰਦਰ ਸਿੰਘ ਵਾਰੰਗਲ | 101 ਰੁ: | ਸ੍ਰ: ਗੁਰਚਰਨ ਸਿੰਘ ਵਾਰਾਨਸੀ | 340 ਰੁ: |
| ਸ੍ਰ: ਸਤਨਾਮ ਸਿੰਘ ਪਟਿਆਲਾ | 50 ਰੁ: | ਸ੍ਰ: ਜਸਪਾਲ ਸਿੰਘ | 50 ਰੁ: |
| ਭਾਈ ਗੁਰਦੀਪ ਸਿੰਘ ਅਮਰੀਕਾ | 5000 ਰੁ: | | |

ਨਡਾਲਾ (ਕਪੂਰਥਲਾ) ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 21 ਜਨਵਰੀ [illegible] ਰਾਤ ਨੂੰ ਹੋਣਗੇ।

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

## ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

23 ਜਨਵਰੀ, 96 ਤੋਂ 28 ਜਨਵਰੀ ਸਵੇਰ ਤੱਕ। 23-1-1996 ਨੂੰ ਆਸਾ ਦੀ ਵਾਰ ਤੋਂ ਉਪਰੰਤ ਅਖੰਡ ਪਾਠ ਅਰੰਭ ਸਵੇਰੇ 8 ਵਜੇ ਗੁਰਦੁਆਰਾ ਸਿੰਘ ਸਭਾ ਵਿਖੇ।

ਸਵੇਰ ਦੇ ਸਮਾਗਮ 6 ਤੋਂ 12 ਤੱਕ

25-1-96 ਭੋਗ ਤੋਂ ਉਪਰੰਤ 12 ਵਜੇ ਤੱਕ ਕੀਰਤਨ, ਗੁਰਦੁਆਰਾ ਸਿੰਘ ਸਭਾ ਵਿਖੇ।

26-1-96 ਗੁਰਦੁਆਰਾ ਕਿਲਾ ਮੁਬਾਰਕ ਵਿਖੇ।

27 ਨੂੰ ਤਖਤ ਦਮਦਮਾ ਸਾਹਿਬ ਵਿਖੇ।

ਸ਼ਾਮ ਦੇ ਸਮਾਗਮ 5.30 ਵਜੇ ਤੋਂ 8.30 ਤੱਕ

ਗੁਰਦੁਆਰਾ ਐਨ. ਐਫ. ਐਲ ਵਿਖੇ 5.30 ਤੋਂ 8.30 ਤੱਕ।

ਗੁ: ਸੰਤ ਸੁਹੇਲ ਸਿੰਘ ਗੋਨਿਆਣਾ ਮੰਡੀ ਵਿਖੇ।

ਰੈ[illegible]ਬਾਈ ਕੀਰਤਨ ਗੁ: ਸਿੰਘ ਸਭਾ ਵਿਖੇ ਅਰੰਭ।

ਨੋਟ : ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇ[illegible]

ਅੰਮ੍ਰਿਤ ਸੰਚਾਰ 27-1-96 ਨੂੰ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ [illegible]

ਦਾਸਰੇ - ਅਖੰਡ ਕੀਰਤਨੀ ਜਥਾ ਬਠਿੰਡਾ

**ਪਿੰਡ ਝਾਂਡੇ (ਲੁਧਿਆਣਾ) ਡਾ: ਗੁਰਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਕੀਰਤਨ [illegible] 4 ਫਰਵਰੀ ਐਤਵਾਰ ਸਵੇਰ ਤੋਂ ਦੁਪਿਹਰ ਤੱਕ**

## ਗੁਰੂ ਕੇ ਲੰਗਰ ਵਿਚ ਪੰਗਤ

ਗੁਰੂ ਕੇ ਲੰਗਰ ਵਿਚ ਪੰਗਤ ਵਿਚ ਬੈਠੇ ਸਭ ਪ੍ਰਾਣੀ ਅਮੀਰ-ਗਰੀਬ, ਬੱਚੇ-ਬੁੱਢੇ, ਛੋਟੇ-ਵੱਡੇ ਆਦਿ ਸਭ ਬਰਾਬਰ ਹਨ। ਗੁਰੂ ਅਮਰਦਾਸ ਜੀ ਵੇਲੇ ਅਕਬਰ ਬਾਦਸ਼ਾਹ ਦਾ ਪੰਗਤ ਵਿਚ ਆਮ ਲੋਕਾਂ ਨਾਲ ਬੈਠ ਕੇ ਲੰਗਰ ਛਕਣਾ ਇਸ ਗੱਲ ਦਾ ਬਹੁਤ ਸੋਹਣਾ ਪ੍ਰਮਾਣ ਹੈ। ਜੇ ਕਿਸੇ ਵੱਡੇ ਅਹੁਦੇ ਵਾਲੇ ਵਿਅਕਤੀ ਦੇ ਆਉਣ ਤੇ ਉਸ ਨੂੰ ਪੰਗਤ ਵਿਚ ਬਿਠਾਉਣ ਲਈ ਬੱਚਿਆ ਜਾਂ ਹੋਰ ਸੰਗਤ ਨੂੰ ਉਠਾ ਕੇ [illegible] ਲਈ ਜਗ੍ਹਾ ਖਾਲੀ ਕਰਾਉਣੀ ਪੰਗਤ ਦੀ ਭਾਵਨਾ ਦੇ ਉਲਟ ਹੈ ਤੇ ਗੁਰਮਤਿ ਦੇ ਵਿਰੁੱਧ ਹੈ। ਇਸ ਲਈ ਇਸ ਕ[illegible] ਬੱਚਣਾ ਚਾਹੀਦਾ ਹੈ। ਵੱਡੇ ਬੰਦੇ ਦੀ ਵਡਿਆਈ ਵੀ ਇਸੇ ਗੱਲ ਵਿਚ ਹੈ ਕਿ ਜੇਕਰ ਕੋਈ ਸੇਵਾਦਾਰ ਉਸ ਦੇ ਸਨਮਾਨ ਵਿਚ ਅਜਿਹਾ ਕਰਦਾ ਹੈ ਤਾਂ ਉਹ ਉਸ ਨੂੰ ਇਸ ਕਰਮ ਤੋਂ ਵਰਜ ਕੇ ਅੱਗੋਂ ਵਾਸਤੇ ਸਮਝਾ ਦੇਵੇ।

## ਯੂ. ਕੇ. ਵਿੱਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ II - APOLLO WAY [illegible]ERRY BARR, BIRMINGHAM -20 (U. K.)

## ਭਾਈ ਸਾਹਿਬ ਭਾਈ ਰਣਧੀ[illegible] ਸਿੰਘ ਲਿਖਤ ਪੁਸਤਕਾਂ

| | | | |
|---|---|---|---|
| ਜੇਲ ਚਿੱਠੀਆਂ | ੩੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਲੇਖ | ੨੦-੦੦ | ਦਰਸ਼ਨ ਝਲਕਾਂ | ੧੨-੦੦ |
| ਗੁਰਮਤਿ ਬਿਬੇਕ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਗੌਰਵਤਾ | ੩੨-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਰੰਗਲੇ ਸੱਜਣ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਜੋਤਿ ਵਿਗਾਸ | ੧੭-੫੦ | ਕੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ? | ੧੨-੦੦ |
| ਸੰਤ ਪਦ ਨਿਰਣੈ | ੧੬-੦੦ | ਸ਼ੰਕਿਆਂ ਦੇ ਉੱਤਰ | ੩-੦੦ |
| ਕਥਾ ਕੀਰਤਨ | ੨੦-੦੦ | ਸੱਚਖੰਡ ਦਰਸ਼ਨ | ੭-੫੦ |
| ਅਣਡਿੱਠੀ ਦੁਨੀਆਂ | ੨੫-੦੦ | ਅੰਮ੍ਰਿਤ ਕੀ ਹੈ ? | ੩-੦੦ |
| ਗੁਰਮਤਿ ਵਿਚਾਰ | ੨੦-੦੦ | ਗੁਰਮਤਿ ਰਮਜ਼ਾਂ | ੨-੫੦ |
| ਗੁਰਮਤਿ ਪ੍ਰਕਾਸ਼ | ੧੫-੦੦ | ਨਾਮ ਸਬੰਧੀ ਵਿਚਾਰ | ੨-੫੦ |

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA 141001

www.AKJ.Org